੧੩-੪-੯੭ ਸ੍ਰੀ ਭੈਣੀ ਸਾਹਿਬ

ਸਤਿਗੁਰੂ ਰਾਮ ਸਿੰਘ ਜੀ ਇਸੇ ਸਰੀਰ ਵਿਚ ਆਵਾਂਗਾ...। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਜੀਵਨ ਨਗਰ ਤੋਂ ਆਖਰੀ ਵਾਰ ਚਲਣ ਸਮੇਂ ਕਿਹਾ ਕਿ ਮੈਂ ਵਾਪਸ ਨਹੀ ਆਵਾਂਗਾ...। ...ਜੇ ਹੋਵਾਂਗਾ ਤਾਂਹੀ ਕਚਿਹਰੀ ਜਾਂਵਾਗਾ...। ਆਪਣੇ ਸਰੀਰ ਦੀ ਕੁਰਬਾਨੀ ਦਿੱਤੀ...। ੮ ਮਈ ਦਾ ਦਿਨ ਜੀਵਨ ਨਗਰ ਮਨਾਇਏ...। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਕਾਰ; ਮੇਰੀ ਕੌਮ ਬੱਚ ਕੇ ਆ ਗਈ; ਨਾ ਨਿੰਦਾ ਨਾ ਉਸਤਤ...। ਜਸ ਜੀਵਨ ਦਾ ਪਾਠ ਕਰੋ; ਕੈਦ ਵਿਚ ਦਰਸ਼ਨ; ਪੰਡਤ ਜੀ ਨੂੰ ਝੂਠਾ ਨਹੀਂ ਹੋਣ ਦਿੰਦੇ...। ਜਾਣ ਵਾਲਿਆ ਨੂੰ ਖੁਸ਼ੀਆਂ।

੧੪-੪-੯੭ ਸ੍ਰੀ ਭੈਣੀ ਸਾਹਿਬ

ਵਿਦਿਆ ਦਾ ਨਾਮ ਜਾਨਣਾ ਹੈ, ਟੀਵੀ ਤੋਂ ਬੱਚਿਆਂ ਤੇ ਗਲਤ ਪ੍ਰਭਾਵ, ਗਿਆਨ ਹੋਵੇ ਕਿ ਇਸ ਸੰਸਾਰ ਕਿਸ ਲਈ ਆਏ ਹਾਂ। ਨਿਰਮਲ ਸਿੰਘ ਸਕੂਲ ਦਾ ਸਵੀਧਾਨ ਬਨਾਇਆ, ਹਾਕੀ ਤੇ ਬੈਡਮਿੰਟਨ ਦੇ ਖਿਡਾਰੀਆਂ ਦੇ ਨਾਮਧਾਰੀ ਪਹਿਰਾਵੇ। ਸਤਿਗੁਰੂ ਪ੍ਰਤਾਪ ਸਿੰਘ ਜੀ ਸਮੇਂ ਇਕ ਪੰਡਤ ਗਿਆਨ ਚਰਚਾ ਵਾਸਤੇ ਆਇਆ, ਉਸ ਨੂੰ ਸੰਤ ਜੀਉਣ ਸਿੰਘ ਪਾਸ ਭੇਜਿਆ ਪੰਡਤ ਜੀ ਤੁਸੀ ਗਿਆਨੀ ਕਿ ਅਗਿਆਨੀ?

੨੨-੫-੯੭ ਸ੍ਰੀ ਭੈਣੀ ਸਾਹਿਬ

ਬੱਚਿਆਂ ਦਾ ਮੇਲਾ। ਦੁਨੀਆਂ ਵਿਚ ਆਉਣ ਦਾ ਲਾਭ। **ਭਈ ਪਰਾਪਤਿ ਮਾਨੁਖ ਦੇਹੁਰੀਆ ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ** ॥ ਅਪਣੇ ਸਬੰਧ ਸਤਿਗੁਰੂ ਨਾਲ ਜੋੜੋ। **ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ ॥ ਤੁਮ ਸਿਉ ਜੋਰਿ ਅਵਰ ਸੰਗਿ ਤੋਰੀ** ॥

੨੩-੫-੯੭ ਸ੍ਰੀ ਭੈਣੀ ਸਾਹਿਬ
ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਰਬਤ ਦਾ ਭਲਾ, ਮਨੁਖਾਂ, ਪਸੂਆਂ, ਪੰਛੀਆਂ, ਸਪਾਂ ਦਾ ਵੀ ਭਲਾ। ਜੈਤਾ ਸਿੰਘ; ਕਾਲ ਪਿਆ; ਪਾਣੀ ਭਰ ਕੇ ਰੱਖ ਆਉਣਾ...। **ਸਮੁੰਦੁ ਸਾਗਰੁ ਹੋਵੈ ਬਹੁ ਖਾਰਾ** ।ਨਿਹੰਗ ਸਿੰਘ ਦਾ ਨਾਮਧਾਰੀ ਸਿੰਘ ਨੇ ਇਲਾਜ ਕੀਤਾ...। ਸਤਿਗੁਰੂ ਦੇ ਹੁਕਮ ਅਨੁਸਾਰ ਨਾਮ ਜਪੋ...। ਬਾਪ ਨੇ ਚਿੱਠੀ ਲਿੱਖੀ ਵਿਆਹ ਦੇ ਸਮਾਨ ਦੀ ਲਿਸਟ; ਚਿੱਠੀ ਦਾ ਆਦਰ ਸਤਿਕਾਰ ਕੀਤਾ ਪਰ ਅਮਲ ਨਹੀਂ ਕੀਤਾ...। ਸਤਿਗੁਰੂ ਰਾਮ ਸਿੰਘ ਜੀ ਨੇ ਅਜ਼ਾਦੀ ਦਿਵਾਈ, ਫੇਰ ਉਸੇ ਮਾਰਗ ਤੇ ਚਲ ਕੇ ਭਾਰਤ ਤੇ ਹੋਰਨਾਂ ਦੇਸ਼ਾ ਨੇ ਅਜ਼ਾਦੀ ਪ੍ਰਾਪਤ ਕੀਤੀ।

੨੫-੫-੯੭ ਸ੍ਰੀ ਭੈਣੀ ਸਾਹਿਬ
ਨੋਜਵਾਨਾਂ ਨੂੰ ਉਪਦੇਸ਼ ਦਿੱਤੇ...। ਗੁਰਦੇਵ ਸਿੰਘ ਵੈਦ ਬਨਾਰਸ ਵਿਚ ਯੂਨੀਵਰਸਿਟੀ ਵਿਚ ਸਤਿਗੁਰੂ ਰਾਮ ਸਿੰਘ ਜੀ ਦੀ ਚੇਅਰ...। ਜੋ ਆਪਣੇ ਆਪ ਹੀ ਕੰਮ ਕਰਦੇ ਹਨ ਉਨਾਂ ਤੋਂ ਸੇਧ ਲਵੋ...। ਇਕ ਕੰਮਯੂਨਿਸਟ ਲੀਡਰ ਰੋਜ ਅਪਣੀ ਕਿਤਾਬ ਨਾਲ ਤੁਲਣਾ ਕਰਦਾ ਸੀ...। ਨਾਮ ਸਿਮਰਨ ਜਰੂਰ ਕਰੋ, ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਜਰੂਰ ਹੋਣੇ ਹਨ। ਬੱਚਿਆਂ ਦੇ ਪਾਠ ਮਾਸਟਰ ਦਰਸ਼ਨ ਸਿੰਘ ਤੋਂ ਸ਼ੁੱਧ ਕਰਵਾਉ।

੨੭-੫-੯੭ ਸ੍ਰੀ ਭੈਣੀ ਸਾਹਿਬ
ਬੱਚਿਆਂ ਦੇ ਵਿਚਾਰ, ਵਿਦਵਾਨਾਂ ਦੇ ਵਿਚਾਰ। ਤਰਸੇਮ ਦੀ ਅੱਖ ਦਾ ਕੁਦਰਤੀ ਇਲਾਜ; ਪਰਹੇਜ਼ ਚਾਹੀਦਾ ਹੈ। ਬਨਾਰਸ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਉਪਦੇਸ਼; ਸਤਿਗੁਰੂ ਰਾਮ ਸਿੰਘ ਜੀ ਦਾ ਦਿੱਤਾ ਚਾਨਣ ਹਰ ਇਕ ਸਿੱਖ ਦਸੇ...। ਸਭ ਦਾ ਸਾਂਝਾ ਧਰਮ (ਜਾਪਾਨ ਵਿਚ) **ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ** ॥ ੧੯੪੭ ਤੋਂ ਪਹਿਲਾਂ ਪਾਣੀ ਵਖਰਾ ਸੀ...। ਸਤਿਗੁਰੂ ਰਾਮ ਸਿੰਘ ਜੀ ਦਾ ਉਪਦੇਸ਼ ਕਿ ਗੁਰਮੁਖੀ ਜਰੂਰ ਪੜਾਉਣੀ...। ਨਾਮਧਾਰੀ ਪੰਥ ਦੀ ਨੀਂਹ ਪਾਤਾਲ ਵਿਚ ...। ਗੁਰੂ ਤੇਗ ਬਹਾਦਰ ਨੂੰ ਦਰਬਾਰ ਸਾਹਿਬ ਨਹੀ ਜਾਣ ਦਿੱਤਾ..., ਧੀਰਮਲ ਨੇ ਗੋਲੀ ਚਲਾਈ; ਬੀੜ ਲੁਟੀ ਫੇਰ ਅਮਾਨਤ ਰਖ ਦਿੱਤੀ; ਮੌਕੇ ਦੇ ਗੁਰੂ ਦੀ ਅਰਦਾਸ ਕੀਤੀ ਤੇ ਬੀੜ ਮਿਲੀ...। ਸਤਿਗੁਰੂ ਰਾਮ ਸਿੰਘ ਜੀ ਨੇ ਬੀੜ ਨੂੰ ਸਫਾਂ ਵਿਚ ਰਖ ਕੇ ਅੱਗ ਲਾਈ, ਪਰ ਬੀੜ ਨੂੰ ਕੁਝ ਨਹੀ ਹੋਇਆ ਧੰਨ ਨਾਨਕ ਧੰਨ ਨਾਨਕ । ੧੯੩੪ ਵਿਚ ਰੰਗੂਨ ਗੁਰਦਵਾਰੇ; ਲੜਾਈ ਹੋਈ ਤੇ ਜਿੰਦਰੇ ਵਜੇ; ਸ੍ਰੀ ਭੈਣੀ ਸਾਹਿਬ ਆਕੇ ਨਾਨਕ ਨਾਮ ਲੇਵਾ ਕਾਨਫਰੰਸ ਕੀਤੀ...। ਰੱਬ ਸਾਰਿਆਂ ਨੂੰ ਰੋਟੀ ਦਿੰਦਾ ਹੈ, ਭਾਂਵੇ ਕੋਈ ਮੰਨੇ ਜਾ ਨਾ ਮੰਨੇ।

੧੧-੭-੯੭ ਕਨੇਡਾ
ਰਾਮ ਦਾ ਨਾਮ ਜਪਣਾ ਜਰੂਰ ਚਾਹੀਦਾ ਹੈ; **ਕਬੀਰ ਸੰਗਤਿ ਕਰੀਐ ਸਾਧ ਕੀ ਅੰਤਿ ਕਰੈ ਨਿਰਬਾਹੁ** ॥ ਖਾਣਾ ਬਨਾਉਣਾ ਅੱਗ ਤੇ ਬਾਗ ਲਾਉਣ ਵਾਂਗ ਹੈ...। ਉਨਾਬ ਦੇ ਪੱਤੇ ਦਾ ਅਸਰ ...।

੩੦-੭-੯੭ ਯੂ ਕੇ

ਨਾਮ ਸਿਮਰਨ ਤੇ ਪਾਠ ਕਰੋ...। ਪਾਠ ਕਰਕੇ ਗਰੰਥ ਸਾਹਿਬ ਨੂੰ ਸੰਤੋਖ ਦਿਉ...। ਆਪਣੇ ਜੀਵਨ ਨੂੰ ਸੁਧਾਰ ਕਰਨ ਵਾਸਤੇ ਪਾਠ ਕਰਨਾ ਹੈ। ਹਰ ਭੋਗ ਤੇ ਰੁਮਾਲੇ ਨਾ ਚੜਾਉ...। ਸਤਿਗੁਰੂ ਨੂੰ ਚੰਗੇ ਲਗੀਏ...। ਸਧਾਰਨ ਪਾਠਾਂ ਦੇ ਭੋਗ ਪਵਾਉ...। ਕੌਮ ਦੀ ਭਲਾਈ ਕਰਨੀ...।

੨੧-੯-੯੭ ਸ੍ਰੀ ਭੈਣੀ ਸਾਹਿਬ ਅਸੂ ਦਾ ਮੇਲਾ
ਪੰਜਾਬੀ ਨੂੰ ਠੀਕ ਕਿਰਦਾਰ ਨਾਲ ਬੋਲਿਆ ਜਾਵੇ। ਸਤਿਗੁਰੂ ਰਾਮ ਸਿੰਘ ਜੀ ਦੇ ਸਿੱਖਾਂ ਕੋਲੋਂ ਲੰਡਨ ਦੀਆਂ ਕੰਧਾਂ ਕੰਬੀਆਂ...। ਬਲਵੰਤ ਸਿੰਘ ਰਾਮੂਵਾਲੀਆ ਤੇ ਉਸ ਦਾ ਪਿਤਾ...। ਜਿਸ ਦੇ ਹਿਸੇ ਸੇਵਾ ਲਿਖੀ, ਉਸੇ ਨੇ ਕਰਨੀ ਹੈ। ਬਾਦਲ ਨੇ ਅਮ੍ਰਿੰਤਸਰ ਵਾਲੀ ਜਗਾ ਦਿੱਤੀ, ਪਰ ਉਹ ਕਵੈਸ਼ ਕਰ ਦਿੱਤੀ...। ਬੇਅੰਤ ਸਿੰਘ ਨੇ ਕੰਮ ਕੀਤੇ, ਪੰਜਾਬ ਵਿਚ ਸਾਂਤੀ, ਜਗਜੀਵਨ ਰਾਮ ਨੇ ਮਲੇਰਕੋਟਲਾ ਦੀ ਜਗਾ ਦਿੱਤੀ; ਬਾਦਲ ਨੇ ਕਈ ਕੰਮ ਕੀਤੇ; ਰਾਈਆਂ ਦੀ ਜਗਾ ਮਿਲੀ; ਸੁਰਿੰਦਰ ਸਿੰਘ ਲੁਧਿਆਣੇ (ਲਾਇਲ) ਦੀ ਕੋਸ਼ਿਸ...। ਪੰਡਤ ਸੁੰਦਰ ਲਾਲ - ਸਤਿਗੁਰੂ ਰਾਮ ਸਿੰਘ ਜੀ ਮੇਰੇ ਦਾਦਾ ਗੁਰੂ ਹੈ...।

ਅਸੂ ਦਾ ਮੇਲਾ; ਵਿਦਵਾਨਾਂ ਦੀ ਗੁਰਬਾਣੀ ਉਤੇ ਸ਼ਰਧਾ; ਬਹੁਤ ਵੱਡੀ ਗਲ ਹੈ। ਸਵਾਮੀ ਰਾਮਤੀਰਥ ਅਮਰੀਕਾ ਗਏ...। ਸੰਤ ਰਲਾ ਸਿੰਘ; ਸਾਧੂ ਕੋਲ ਗਏ ਪਹਾੜਾਂ ਵਿਚ; ਰਾਤ ਨੂੰ ਸ਼ੇਰ ਆਇਆ...। **ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ** । ਮਿਥਿਹਾਸ ਨਹੀ ਹੋ ਸਕਦਾ...। **ਜਿਤਨੇ ਜੀਅ ਜੰਤ ਪ੍ਰਭਿ ਕੀਨੇ ਤਿਤਨੇ ਸਿਰਿ ਕਾਰ ਲਿਖਾਵੈ ॥ ਤਿਸੁ ਗੁਰ ਕਉ ਛਾਦਨ ਭੋਜਨ ਪਾਟ ਪਟੰਬਰ**। ਦੇਹਧਾਰੀ ਗੁਰੂ ਕਰਕੇ ਹੀ ਅਸੀਂ ਚੰਗੇ ਹਾਂ...। ਅੰਗਰੇਜ਼ ਭਗਤੀ ਸਿੱਖੀ ਵਿਚ ਸ਼ਾਮਲ ਸੀ। ਸਤਿਗੁਰੂ ਰਾਮ ਸਿੰਘ ਜੀ ਨੇ ਸਰੀਰ ਨੂੰ ਮੁਕਤ ਕੀਤਾ...। ਹੁਕਮਨਾਮੇ ਅੱਖਰ ਪੜਾਉਣੇ; ਸਿੱਖ ਨੂੰ ਆਖਿਆ ਇਥੇ ਪੱਥਰ ਸੁੱਟ ਦੇਣਾ...। ਗੁਰਮੱਖੀ ਅਖਰ ਗੁਰੁ ਨਾਨਕ ਨੇ ਬਨਾਏ ਹਨ...। ਵਿਦਵਾਨ ਸ਼ਰਧਾ ਵਾਲੇ ਹਨ। ਸ੍ਰੀ ਭੈਣੀ ਸਾਹਿਬ ਪੁਲਿਸ ਦੀ ਚੌਕੀ ੫੦ ਸਾਲ ਰਹੀ; ਕਾਲ ਪੈ ਗਿਆ; ਸ੍ਰੀ ਭੈਣੀ ਸਾਹਿਬ ਹਜ਼ਾਰਾਂ ਦੀ ਪੰਗਤ; ਅੰਗਰੇਜ਼ ਮੁਰੱਬੇ ਦਿੰਦਾ- ਸਤਿਗੁਰੂ ਹਰੀ ਸਿੰਘ ਜੀ ਕਿਹਾ ਕਿ ਬਾਕੀ ਹਿੰਦੁਸਤਾਨ ਵੀ ਸਾਡਾ ਹੈ। ਅੰਗਰੇਜ਼ ਨੇ ਸਤਿਗੁਰੂ ਹਰੀ ਸਿੰਘ ਜੀ ਨੂੰ ਕੋਈ ਨਿਸ਼ਾਨੀ ਨਹੀ ਦਿੱਤੀ; ਸਰਕਾਰੀ ਚਿੱਠੀ ੧੧੮੬ ਦੀ; ਸਤਿਗੁਰੂ ਰਾਮ ਸਿੰਘ ਜੀ ਦਾ ਦਰਸ਼ਨ ਜਰਮਨੀ, ਰੂਸ ਵਿਚ; ਬੋਧੀ ਉਡੀਕ ਰਹੇ ਹਨ ਅਪਣੇ ਇਸ਼ਟ ਨੂੰ...।

੧੮-੧੦-੯੫ ਵਰਿਆਮ ਸਿੰਘ
ਝਿਮ ਝਿਮ ਅੰਮ੍ਰਿਤ ਵਰਸਦਾ। ਸੰਤਾਂ ਨੇ ਵਿਆਖਿਆ ਨਾਲ ਦਸਿਆ...। ਸਾਡੀਆਂ ਮੰਗਾ ਘਟੀਆ ਹਨ; **ਅਣਮੰਗਿਆ ਦਾਨੁ ਦੇਵਣਾ** । ਸੰਤ ਰੁਲਦੂ ਸਿੰਘ ਮੈਨੂੰ ਭਜਨ ਦਿਉ...। ਸਤਿਗੁਰੂ ਰਾਮ ਸਿੰਘ ਜੀ ਨੇ ਬ੍ਰਹਮ ਦਾ ਬੋਧ ਦਿੱਤਾ...। ਸਰਦਾਰ ਮਿਲਖਾ ਸਿੰਘ ਦਾ ਅਭਿਆਸ। ਸੰਤ ਜਵਾਹਰ ਸਿੰਘ ਦੀ ਬੰਦਗੀ; ਖੂਹ ਤੇ ਬੈਠ ਕੇ ਭਜਨ ਕੀਤਾ ਤੇ ਨੀਂਦ ਨੂੰ ਜਿਤਿਆ। ਗੁਰਦਿੱਤ ਸਿੰਘ ਦਰਿਆ ਦੇ ਕੰਢੇ ਤੇ ਖੇਤ; ਖਰਬੂਜੇ। ਮੜੀਆਂ ਵਿਚ ਥੋੜੀ ਉਮਰ ਲਿਖੀ...। ਬੋਧੀ ਮੱਤ ਅਨੁਸਾਰ ਚਿੱਟੇ ਘੋੜੇ ਤੇ ਇਕ ਅਵਤਾਰ ਆਵੇਗਾ...।

੨੨ ੧:੦੧

੧੯-੧੦-੯੭ ਅਸੂ ਦਾ ਮੇਲਾ
ਸਵਾ ਲਖ ਪਾਠ ਹੋ ਗਏ। ਸਤਿਗੁਰੂ ਰਾਮ ਸਿੰਘ ਜੀ ਨੇ ਸਰਬਤ ਦਾ ਭਲਾ ਮੰਗਿਆ; ਦਰਗਹ ਵਿਚ ਗਏ; ਤਖਤ ਤੇ ਬੈਠੇ; ਸਾਰੀ ਸ੍ਰਿਸ਼ਟਿ ਨਾਮ ਜਪਦੀ ਦਿਸੇ...। ਸੀ ਐਮ ਪਰਾਂਤ ਵਾਸਤੇ, ਪੀ ਐਮ ਦੇਸ਼ ਵਾਸਤੇ, ਯੂ ਐਨ ਓ ਦੁਨੀਆਂ ਵਾਸਤੇ; ਜੀਅ ਜੰਤ ਵੀ ਇਸ ਸ੍ਰਿਸ਼ਿਟੀ ਦਾ ਹਿਸਾ ਹਨ;

ਸਤਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ ॥ ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥ ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥ ਗੁਰ ਕੀ ਬਾਣੀ ਗੁਰ ਤੇ ਜਾਤੀ ਜਿ ਸਬਦਿ ਰਤੇ ਰੰਗੁ ਲਾਇ ॥ ਹੋਰ ਸਵਾ ਲੱਖ ਪਾਠ ਸ਼ੁਰੂ ਹੋ ਗਏ ਹਨ। ੧੯੭੨ ਅੰਮ੍ਰਿਤਸਰ ਸ਼ਹੀਦਾਂ ਦੀ ਜਗਾ ਤੇ ਇਕ ਲੱਖ ਰੁਪਏ; ਫੇਰ ਕਵੈਸ਼ ਹੋ ਗਿਆ...। ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ; ਪਟਾਕੇ ਤੇ ਆਤਸ਼ਬਾਜੀ ਨਾ ਚਲਾਉ; ਚੰਗੇ ਕੰਮ ਵਾਸਤੇ ਪੈਸੇ ਲਾਉ...।

੬-੧੧-੯੭ ਬਾਬਾ ਅਤਰ ਸਿੰਘ ਹਾਈ ਸਕੂਲ

ਅਜਾਦੀ ਦੇ ਮੋਢੀ ਸਤਿਗੁਰੂ ਰਾਮ ਸਿੰਘ ਜੀ...। ਉਨਾਂ ਦੇ ਸਿੱਖਾਂ ਦੀ ਅਜਾਦੀ ਦੀ ਮਿਸਾਲ ਹੈ। ਜਲਿਆਂ ਵਾਲੇ ਬਾਗ ਮਰਨ ਨਹੀ ਸੀ ਗਏ; ਭਾਈ ਹੀਰਾ ਸਿੰਘ ਕਿਸੇ ਮਾਈ ਦਾ ਪੇਟ ਗੰਦਾ ਕਰਕੇ ਫੇਰ ਆਏ...। ਐਨਸਇਕਲੋ ਪੀਡਿਆ ਵਿਚ ਲਿਖਿਆ ਕੂਕੇ ਗੁਰੂ ਗੋਬਿੰਦ ਸਿੰਘ ਦੇ ਪੱਕੇ ਸਿੱਖ ਹਨ; ਸਿੱਧੀ ਦਸਤਾਰ ਨਾਮਧਾਰੀਆਂ ਦੀ। ਰਾਏਪੁਰ ਦੇ ਦਰਬਾਰਾ ਸਿੰਘ ਦਾ ਨਸ਼ਾ। ਖਰਾਬੀ ਅੰਦਰ ਦਾ ਬੰਦਾ ਕਰਦਾ ਹੈ ਬਾਹਰ ਦਾ ਨਹੀ। ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਵਿਰੋਧ ਨਾਮਧਾਰੀ ਸਿੱਖਾਂ ਨੇ ਕੀਤਾ; ਪਾਕਸਤਾਨ ਸਤਿਗੁਰੂ ਪ੍ਰਤਾਪ ਸਿੰਘ ਜੀ ਆਪ ਗਏ; ਠਾਣੇ ਵਿਚ ਬੈਠਾਇਆ...। ਗਰੀਬ ਕੋਲ ਚੀਜ਼ ਨਹੀ ਪਹੁੰਚਦੀ...। ਗੁਰੂ ਨਾਨਕ ਦੇਵਲੂਤ ਕੋਲ; **ਕਰੋ ਰਸੋਈ ਸੰਤ ਜੀ**...। ਗੋਰਾ ਸਿੱਖ- ਮਾਸ ਖਾਣਾ ਰੱਬ ਦੇ ਰਸਤੇ ਵਿਚ ਰੁਕਾਵਟ ਹੈ। ਯੋਗੀ ਜੀ ਦੇ ਸੇਵਕ- ਚਿੱਟੇ ਬਸਤਰ, ਮਾਸ ਸ਼ਰਾਬ ਨਹੀ; ਮਸੂਰੀ ਸਕੂਲ ਹੋਰ ਬਨਾਇਆ। ਮਾਤਾ ਜੀਵਨ ਕੌਰ ਕਿੱਕਰ ਦੀ ਦਾਤਣ ਨਾਲ ਸ਼ਰਬਤ ਨਹੀ ਸੀ ਘੋਲਣ ਦਿੰਦੇ...।

ਰਾਮ ਕਹੇ ਚਿਤ ਥਿਤ ਹੋਏ...। ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿਤ...। ਗਿਨਤੀ ਘਟਦੀ ਜਾਂਦੀ ਹੈ; **ਸੂਕੇ ਹਰੇ ਕੀਏ ਖਿਨ ਮਾਹੇ** ॥ ਸਾਡੇ ਮਨ ਸੰਤਾਂ ਵਾਲੇ ਬਨਣ; ਇਸ ਵਿਚ ਉਦਾਸ ਹੋਣ ਦੀ ਜਰੂਰਤ ਨਹੀ; ਸੁਜਾਨ ਸਿੰਘ ਰਾਸ ਦੇਖਣ ਗਏ; ਗੋਪੀਆਂ ਦਾ ਵਾਸਤਾ; ਕਲਜੁਗ ਦੇ ਭਗਤਾਂ ਦੇ ਵਾਸਤੇ ਨਾਲ ਭਗਵਾਨ ਪ੍ਰਗਟ ਹੋਏ...। ਨਿਤਨੇਮ ਨਹੀ ਛਡਣਾ...। ਰਾਜੇ ਨੇ ਜਲਸਾ ਕਰਾਇਆ; ਬਹੁਤੀ ਬੀਤੀ ਥੋੜੀ ਰਹਿ ਗਈ...।

ਭਾਵਨਾ ਨੂੰ ਫਲ ਲਗਦਾ ਹੈ...। ਚਕੋਰ ਅੰਗਿਆਰੀਆਂ ਖਾ ਜਾਂਦਾ ਹੈ। ਮਨ ਦਾ ਟਿਕਾ; ਸਤਿਗੁਰੂ ਦੇ ਚਰਨਾਂ ਨਾਲ...। ਸਤਿਗੁਰੂ ਰਾਮ ਸਿੰਘ ਜੀ ਨੇ ਦਰਸ਼ਨ ਦੇਣਾ ਹੈ। ਸੰਤ ਰੁਲਦੂ ਸਿੰਘ; ੩ ਸਾਲ ਬਾਦ ਨਾਮ ਮਿਲਿਆ...। ਕਿਸ਼ਨ ਸਿੰਘ ਕਾਠ ਮਾਰੇ...।

ਸਿਨਮਾ ਨ ਦੇਖੋ; ਸਿਆਮ ਵਿਚ ਕੋਈ ਸਿਨਮਾ ਨਹੀ ਸੀ ਦੇਖਦਾ। ਸਾਇੰਸ ਦੀ ਤਰੱਕੀ; ਚੰਦ ਤਾਰੇ, ਹਵਾਈ ਜਹਾਜ; ਮਿਸਾਇਲਾਂ...। ਕਿੰਨੇ ਮਿਕਦਾਰ ਵਿਚ ਜੀਅ ਜੰਤ ਹਨ ਇਹ ਸਭ ਉਸ ਦੀ ਰਜ਼ਾ ਵਿਚ ਹੈ। **ਗੁਰ ਸੇਵਾ ਤੇ ਭਗਤਿ ਕਮਾਈ ॥ ਤਬ ਇਹ ਮਾਨਸ ਦੇਹੀ ਪਾਈ ॥ ਭਈ ਪਰਾਪਤਿ ਮਾਨੁਖ ਦੇਹੁਰੀਆ ॥ ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ** ॥ ਸੂਬਾ ਆਤਮਾ ਸਿੰਘ; ਬਾਹਰ ਭਜਨ ਕਰਦੇ; ਸ਼ੇਰ ਆ ਗਿਆ...।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ ਸਿੱਖ ਬਨਣ ਵਾਸਤੇ। ਸੰਤ ਰਲਾ ਸਿੰਘ ਨੂੰ ਮਾਤਾ ਨਿਕਲੀ...। **ਸਹੁ ਵੇ ਜੀਆ ਅਪਣਾ ਕੀਆ** ॥ ਮੰਗਲ ਸਿੰਘ ਸੰਤ ਨਗਰ ਨੂੰ ਕੋਹੜ ਹੋਇਆ ਪਰ ਅਰਜ ਨਹੀ ਕੀਤੀ। ਦਿਆਲ ਸਿੰਘ ਦੀ ਚਿੱਠੀ ਨੈਰੋਬੀ ਤੋਂ...। ਸਾਧਸੰਗਤ ਨੂੰ ਕੋਈ ਤਕਲੀਫ ਨਾ ਹੋਵੇ। ਅਰਦਾਸ ਕਰੋ ਸਿੱਖੀ ਮਿਲੇ। ਰਜ਼ਾ ਵਿਚ ਰਾਜੀ; ਬਾਬਾ ਜੈਮਲ ਸਿੰਘ ਜੀਵਨ ਨਗਰ...। ਮੈ ਮਿੱਟੀ ਦਾ ਮਾਧੋ ਨਹੀ। ਸ੍ਰੀ ਭੈਣੀ ਸਾਹਿਬ ਵਿਚ

੧੦੦ ਸਰੀਰ ਜਪ ਪ੍ਰਯੋਗ ਕਰਦੇ ਹਨ; ਸਾਊਥਾਲ, ਲੰਡਨ, ਲੈਸਟਰ, ਲੀਡਜ ਨਾਮ ਸਿਮਰਨ ਕਰੋ ਇਕੱਠੇ ਹੋਕੇ। ਸਵਾ ਲੱਖ ਪਾਠ ਫੇਰ ਸ਼ੁਰੂ ਹੋਏ ਹਨ...।

ਰੋਟੀ ਪਾਣੀ ਅੰਗਰੇਜੀ ਤਰੀਕੇ ਨਾਲ ਨਾ ਕਰੋ। ਗੁਰਦਵਾਰੇ ਦੀ ਹੱਦ ਅੰਦਰ ਕੋਕਾ ਕੋਲਾ, ਪੈਪਸੀ ਨਹੀ ਅਉਣੇ ਚਾਹੀਦੇ। ਸਤਿਗੁਰੂ ਦੀ ਮਰਯਾਦਾ ਨਾਲ ਹੀ ਭਵ ਸਾਗਰ ਪਾਰ ਹੋਣਾ ਹੈ। ਸਵਾ ਲੱਖ ਪਾਠ ਫੇਰ ਸ਼ੁਰੂ ਹੋਏ ਹਨ...।

੧੩-੧੦-੯੬ ਅਸੂ ਮੇਲਾ

ਗੁਰੁ ਨਾਨਕ ਨਾਮ ਲੇਵਾ ਕਾਨਫਰੰਸ...। ਬਾਬਾ ਨਾਨਕ ਦੀ ਅੰਸ ਵਿਚੋਂ ਬਾਬਾ ਸਰਬਜੀਤ ਸਿੰਘ ਬੇਦੀ ਜੀ ਨੇ ਦਰਸ਼ਨ ਦਿੱਤੇ ਹਨ। ਦੋ ਤੁੱਕਾਂ ਵਿਚ ਗਲ ਕਰੀਏ ਤਾਂ ਸਭ ਕੁਝ ਠੀਕ ਹੋ ਜਾਂਦਾ ਹੈ। **ਭਰੀਐ ਹਥੁ ਪੈਰੁ ਤਨੁ ਦੇਹ** ॥

੨੩ ੧:੦੬

੧੪-੩-੯੮ ਸ੍ਰੀ ਜੀਵਨ ਨਗਰ ਗੁਰੂ ਹਰੀ ਸਿੰਘ ਕਾਲਜ

ਅਕਾਲੀ ਪੱਤ੍ਰਕਾ ਦੇ ਐਡੀਟਰ...। **ਕਬੀਰ ਜਿਹ ਮਾਰਗਿ ਪੰਡਿਤ ਗਏ ਪਾਛੈ ਪਰੀ ਬਹੀਰ ॥ ਇਕ ਅਵਘਟ ਘਾਟੀ ਰਾਮ ਕੀ ਤਿਹ ਚੜਿ ਰਹਿਓ ਕਬੀਰ** ॥ ਖਾਣੇ ਦਾ ਪਤਾ ਕੁਝ ਦੇਰ ਬਾਦ ਲਗਦਾ ਹੈ; ਜੋ ਕਰਮ ਹੁਣ ਕਰਦੇ ਹਾਂ ਉਸ ਦਾ ਪਤਾ ਅੰਤ ਵੇਲੇ ਲਗਦਾ ਹੈ। ਫੋਜਾ ਸਿੰਘ ਮੱਥਾ ਨਹੀ ਸੀ ਟੇਕਦਾ...। ਮੇਲੇ ਵਾਸਤੇ ਅਰਜ ਕਰਨੀ ਸੀ; ਸੁਪਨੇ ਵਿਚ ਹੀ ਸ੍ਰੀ ਭੈਣੀ ਸਾਹਿਬ ਗਿਆ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮੰਜੂਰੀ ਦੇ ਦਿੱਤੀ; ਅਸਲ ਵਿਚ ਵੀ ਇਵੇਂ ਹੀ ਹੋਇਆ। ਇਕ ਹੋਰ ਸਿੰਘ ਬਾਬਾ ਸਹਾਈ ਸਿੰਘ ਸਮਾਜਪੁਰ ਦੇ ਦਰਗਹ ਵਿਚ ਗਏ; ਕਰਤਾਰ ਤੇ ਰੱਬ ਸਤਿਗੁਰੂ ਰਾਮ ਸਿੰਘ ਜੀ ਹੀ ਹਨ...। ਇਕ ਸੰਤ ਅਮਰ ਸਿੰਘ ਜਲੰਧਰ ਵਰਕਸ਼ਾਪ; ਦਿੱਲੀ ਮੈਡੀਕਲ ਇੰਸਟੀਚੂਟ ਵਿਚ ਇਲਾਜ; ੨੦ ਦਸੰਬਰ ੨-੨੦ ਤੇ ਸਰੀਰ ਛੱਡਿਆ। ਤੇਰੇ ਹੱਥ ਸਾਡੀ ਬਾਂਹ ਹੋਵੇ; ਅਪਣੀ ਦਰਗਹ ਵਿਚ ਸਾਨੂੰ ਪਰਵਾਨ ਕਰ। **ਉਸੁ ਸਾਚੇ ਦੀਬਾਨ ਮਹਿ ਪਲਾ ਨ ਪਕਰੈ ਕੋਇ ॥ ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥ ਜੈਸਾ ਮਾਨੀਐ ਹੋਇ ਨ ਤੈਸਾ ॥**

੧੫-੩-੯੮ ਸ੍ਰੀ ਜੀਵਨ ਨਗਰ ਗੁਰੂ ਹਰੀ ਸਿੰਘ ਕਾਲਜ

ਜਿਨੀ ਤੁਧਨੋ ਧੰਨੁ ਕਹਿਆ ਤਿਨ ਜਮੁ ਨੇੜਿ ਨ ਆਇਆ ॥ ਉਜਾਗਰ ਸਿੰਘ ਦਾ ਲੜਕਾ ਮਲੂਕ ਸਿੰਘ; ਸੁਰਜੀਤ ਸਿੰਘ ਘੁੜਾਮ ਦਾ। ਅਲੀ ਦਾ ਭਤੀਜਾ; ਸੜੀ ਖਜੂਰ...। ਸਾਡੇ ਕੋਲੋਂ ਨਾਮ ਕਿੰਨਾ ਜਪ ਹੁੰਦਾ ਹੈ । **ਜਿਨ ਧੁਰਿ ਮਸਤਕਿ ਲਿਖਿਆ ਤਿਨ ਸਤਿਗੁਰੁ ਮਿਲਿਆ ਆਇ** ॥ ਹਨੂਮਾਨ ਦੀ ਅਵਸਥਾ; ਨਾਲ ਹੀ ਆਈਏ ਨਾਲ ਹੀ ਜਾਈਏ। ਸੰਤ ਰੁਲਦੂ ਸਿੰਘ ਸਮਾਜਪੁਰ ਦੇ; ਸੰਤ ਜਮੀਤ ਸਿੰਘ ਕੋਲ ਗਏ; ੩ ਸਾਲ ਬਾਦ ਭਜਨ ਮਿਲਿਆ...। ਬਖਸ਼ਿਸ਼ ਵੱਡੀ ਹੈ...। ਮਿਲਖਾ ਸਿੰਘ ਦਾ ਅਭਿਆਸ...। ਫਰੀਦਕੋਟ ਵਾਲਾ ਰਾਜਾ...। ਬੇੜੀ ਦੀ ਅੱਗ ਵਾਂਗੂ; ਸਿਕੰਦਰ ਤੇ ਅੰਮ੍ਰਿਤ...। ਸੁਖਦੇਵ ੧੬ ਕਲਾਂ ਸੰਪੂਰਨ; ਰਾਜਾ ਜਨਕ ਨੂੰ ਦੇਖ ਗਵਾ ਲਈਆਂ।

੧੬-੩-੯੮ ਸ੍ਰੀ ਜੀਵਨ ਨਗਰ ਗੁਰੂ ਹਰੀ ਸਿੰਘ ਕਾਲਜ

ਇਸ ਸੰਸਾਰ ਤੇ ਕਿਸ ਲਈ ਆਏ ਹਾਂ? ਇਥੋਂ ਜਾਣ ਵੇਲੇ ਕਿਸ ਤਰਾਂ ਜਾਣਾ ਹੈ? ਜਨਮ ਮਰਣ ਮੁੱਕ ਜਾਂਦਾ ਹੈ; ਹਨੂਮਾਨ ਵਰਗੇ...। ਬੁਰੇ ਵਿਚਾਰ ਗਲਤ ਪਾਸੇ ਲੈ ਜਾਂਦੇ ਹਨ। **ਕਾਹੂ ਦਸਾਕੇ ਪਵਨ ਗਵਨ ਕੈ ਬਰਖਾ ਹੈ ਕਾਹੂ ਦਸਾਕੇ ਪਵਨ ਬਾਦਰ ਬਿਲਾਤ ਹੈ । ਕਾਹੂ ਜਲ ਪਾਨ ਕੀਏ ਰਹਤ ਅਰੋਗ ਦੇਹੀ ਕਾਹੂ ਜਲ ਪਾਨ ਬਿਆਪੇ**

ਬ੍ਰਿਥਾ ਬਿਲਲਾਤ ਹੈ । ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ ॥੧॥ ਰਹਾਉ ॥ ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ ॥ ਪਰੈ ਪਰੈ ਹੀ ਕਉ ਲੁਝੀ ਹੇ ॥ ਗੁਰੂ ਅਰਜਨ ਦੇਵ ਪਾਸ ਨਹੀ ਸੀ ਆਉਣ ਦਿੰਦੇ; ਭਾਈ ਗੁਰਦਾਸ ਨੇ ਨਿਪਟਾਰਾ ਕੀਤਾ। **ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥ ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ** ॥ ਸੇਵਾ ਕਰਨ ਲਈ ਆਉਦੇ ਹਾਂ। ਸਵਾ ਲੱਖ ਪਾਠ ਸੰਪੂਰਨ; ਦੂਸਰੇ ਸਵਾ ਲੱਖ ਪਾਠ ਚਲਦੇ ਹਨ; ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੋਣ। ਪਿਛਲੇ ਜਨਮ ਦੇ ਕਰਮ ਨਾਲ ਇਹ ਸਰੀਰ ਮਿਲਿਆ ਹੈ। ਬੱਚੇ ਦੇ ਪੈਦਾ ਹੋਣ ਨਾਲ ਉਸ ਦੇ ਸਾਰੇ ਹੀ ਅੰਗ ਮਜੂਦ ਹਨ। ਸਿੱਖ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ, ਪ ਪਿਆਰਿਆਂ ਦੀ ਪੱਗ ਨੂੰ ਪੁਠੀ ਕਹਿੰਦੇ ਹਨ। ਜਪ ਪ੍ਰਯੋਗ ਹੁਣ ਸਾਰਾ ਸਾਲ ਚਲਣਾ ਹੈ। ਯੂਕੇ ਵਿਚ ਕਈ ਸ਼ਹਿਰਾਂ ਵਿਚ ੨-੪, ੪-੬ ਨਾਮ ਸਿਮਰਨ ਹੁੰਦਾ ਹੈ; ਕਨੇਡਾ ਵਿਚ ਵੀ; ਹਰ ਇਕ ਪਿੰਡ ਵਿਚ ਸੁਵੇਰੇ ਨਾਮ ਸਿਮਰਨ ਹੋਵੇ। ਪ੍ਰੀਤਮ ਸਿੰਘ ੬ ਘੰਟੇ ਕਰਦਾ ਸੀ; ਹੁਣ ੮ ਘੰਟੇ ਕਰੀਏ। **ਪਵਨ ਝੁਲਾਰੇ ਮਾਇਆ ਦੇਇ ॥ ਹਰਿ ਕੇ ਭਗਤ ਸਦਾ ਥਿਰੁ ਸੇਇ** ॥ ਜੋਤਸ਼ੀ ਦੇ ਕਹਣ ਮੁਤਾਬਕ ਸਤਿਗੁਰੂ ਰਾਮ ਸਿੰਘ ਜੀ ਨੇ ਆਉਣਾ ਹੈ; ਦਰਸ਼ਨ ਹੁੰਦੇ ਹਨ...।

੨੪ ੧:੦੦

੧੩-੯-੯੮ ਸ੍ਰੀ ਭੈਣੀ ਸਾਹਿਬ

ਮਾਤਾ ਭੁਪਿੰਦਰ ਕੌਰ ਦੀ ਯਾਦ ਵਿਚ...। ਨਿਤਨੇਮ ਵਿਚ ਲਗਣ ਦੀ ਬੀਬੀਆ ਨੂੰ ਇਜਾਜਤ ਦਵਾਈ...।

੨-੧੦-੯੮ ਜਥੇਦਾਰ ਗਿਆਨ ਸਿੰਘ ਦਾ ਭੋਗ

ਸਾਡੇ ਜਥੇਦਾਰ ਸ਼ਬਦ ਕੀਰਤਨ ਵਲ ਲਗੇ ਹਨ। ਪੰਡਤ ਜੀ ਨੇ ਹਜ਼ਾਰਾਂ ਨੂੰ ਭਜਨ ਦਿਵਾਇਆ। ਨਾਮਧਾਰੀ ਬਜ਼ੁਰਗਾਂ ਦੀ ਸੇਵਾ ਦਾ ਵੇਰਵਾ...। ਬੈਂਕੋਕ ਵਿਚ ਇਕ ਮਾਈ ੧੦ ੧੨ ਸਾਲ ਮਸ਼ੀਨਾ ਨਾਲ ਕੱਢੇ। ਦੋ ਮਾਈਆਂ ਨੇ ਸ੍ਰੀ ਭੈਣੀ ਸਾਹਿਬ ਸਰੀਰ ਛੱਡਿਆ।

੧੩-੧੦-੯੮ ਚਕਰਵਰਤੀ ਤੇ ਆਲਮ ਜੀ

ਅਜ ਦਾ ਵਕਤ ਸੌਖਾ ਹੈ; ਪਾਠ ਕਰਨ ਦੀਆਂ ੭ ੭ ਸਾਲ ਸਜਾਵਾਂ ਮਿਲੀਆਂ। ਸ੍ਰੀ ਭੈਣੀ ਸਾਹਿਬ ਵਿਚ ਅੰਗਰੇਜ਼ ਸਮੇਂ ਤਕਲੀਫਾਂ। ਚਕਰਵਰਤੀ ਦਾ ਗਰਮ ਸੁਭਾ; ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਨੇੜਤਾ...। ਆਲਮ ਜੀ ...। ਜਦੋਂ ਵਕਤ ਆਉਦਾ ਹੈ ਉਦੋਂ ਹੀ ਹੁੰਦਾ ਹੈ। ਬੈਂਕੋਕ ਵਿਚ ਸਕੂਲ; ੧੨ ਕੌਮਾ ਦੇ ਬੱਚੇ ਪੜਦੇ ਹਨ; ਪੰਜਾਬੀ ਵੀ ਪੜਾਈ ਜਾਂਦੀ ਹੈ। ਇਤਿਹਾਸਕਾਰਾਂ ਦੀ ਜੱਥੇਬੰਦੀ ਬਨਾਈ ਜਾਵੇ। ਇੰਡਿਆ ਗੇਟ; ਸਾਡਾ ਵੀ ਲੰਡਨ ਵਿਚ ਗੇਟ ਬਨੂੰਗਾ? ਪਰਚਾਰਕਾਂ ਦੀ ਉਸਤਤ; ਸੰਤ ਮੋਹਨ ਸਿੰਘ ਵਡਾਲਾ;ਬੰਤਾ ਸਿੰਘ ਜੀ; ਗੁਰਦਿੱਤ ਸਿੰਘ ਸਮਰਾਲਾ;ਸੰਤ ਅਤਰ ਸਿੰਘ; ਪੰਡਤ ਮਨਸਾ ਸਿੰਘ; ਬੇਲਾ ਸਿੰਘ; ਜਥੇਦਾਰ ਸੇਵਾ ਸਿੰਘ;ਪੰਡਤ ਜੀ; ਸੇਵਾ ਸਿੰਘ; ਨਿਰੰਜਣ ਸਿੰਘ ਕੱਕੜਾਂ; ਜਥੇਦਾਰ ਨਕੌੜੇ ਵਾਲੇ; ਗੁਰਦੇਵ ਸਿੰਘ; ਕੁੰਦਨ ਸਿੰਘ ਤੇ ਅਨੇਕਾਂ ਹੋਰ। ਇਕ ਪੈਨਲ ਬਨਾ ਕੇ ਜਾਇਓ। ਬਨਾਰਸ ਤੋਂ ਸਤਿਗੁਰੂ ਰਾਮ ਸਿੰਘ ਜੀ ਚੇਅਰ ਸਥਾਪਤ ਹੋਈ। ਬਾਦਲ ਤੇ ਟੋਹੜਾ ਦੀ ਸੇਵਾ। ਪੰਡਤ ਬਸੰਤ ਸਿੰਘ, ਸੰਤ ਆਲਾ ਸਿੰਘ; ਸੰਤ ਜਗਤ ਸਿੰਘ; ਸੰਤ ਖੰਡੂਵਾਲੀਏ; ਜਥੇਦਾਰ ਰਾਏ ਸਿੰਘ। ਨੈਰੋਬੀ ਨੋਜਵਾਨਾਂ ਨੇ ਦੀਵਾਨ ਲਾਇਆ। ਇਕ ਵਾਰੀ ੧੦ ਤੇ ਦੂਸਰੀ ਵੇਰ ੧੨ ਪਾਤਿਸ਼ਾਹੀਆਂ ਦੀ ਅਰਦਾਸ। ਟੋਰਚ ਨਾ ਬੁੱਝੇ।

੧੪-੧੦-੯੮

ਕਿਰਪਾਲ ਸਿੰਘ ਦੇ ਭੋਗ ਸਮੇਂ; ਗੁਰਮੁੱਖ ਸਿੰਘ ਜਥੇਦਾਰ; ਮੋਹਕਮ ਸਿੰਘ; ਸਤਿਗੁਰੂ ਪ੍ਰਤਾਪ ਸਿੰਘ ਜੀ ਪਾਕਸਤਾਨ ਗਏ; ਥਾਣੇ ਵਿਚ ਬਿਠਾਇਆ; ਕੋਈ ਹੋਰ ਨਹੀ ਕਰ ਸਕਿਆ ਸਿਆਸੀ ਜਾਂ ਧਾਰਮਿਕ ਆਗੂ। ਅਰਜਨ ਤੇ ਨਿਸ਼ਾਨਾ...। ਕਿਰਪਾਲ ਸਿੰਘ ਦੀ ਸੇਵਾ। ਬਖਸ਼ਿਸ ਮੰਗੋ।

੧੫-੧੦-੯੮ ਸ੍ਰੀ ਭੈਣੀ ਸਾਹਿਬ ਸੰਤ ਵਰਿਆਮ ਸਿੰਘ
੮ ਸਾਲ ਦਿਆਂ ਨੇ ਸੂਬਾ ਦਸੋਂਧਾ ਸਿੰਘ ਤੋਂ ਭਜਨ ਪੁਛਿਆ; ਹਜ਼ਾਰਾਂ ਸਿੰਘਾਂ ਨੂੰ ਭਜਨ ਕਰਾਉਦੇ ਹਨ; ਸਤਿਗੁਰੂ ਤੇ ਸਿੱਖ ਦਾ ਸਬੰਧ ਦਸਿਆ। ਜਸ ਜੀਵਨ ਪੜਿਆ ਕਰੋ; ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪਾਕਸਤਾਨ ਤੋਂ ਕੱਢ ਕੇ ਫੇਰ ਜਮੀਨਾਂ, ਡੰਗਰ ਆਦਿ ਦਿੱਤੇ। ਇਕ ਸਿੱਖ ਪਾਕਸਤਾਨ ਤੋਂ ਕਿਦਾਂ ਆਇਆ। ਸੰਤ ਗੁਪਾਲ ਸਿੰਘ ਜੀ ਲਾਲੇਪੁਰ ਵਾਲੇ...। ਨਰੈਣ ਸਿੰਘ ਕਮਾਲਪੁਰ ਵਾਲੇ...। ਹਜ਼ਰਤ ਈਸਾ; ਪੱਥਰ ਉਹ ਮਾਰੇ ਜਿਸ ਨੇ ਗੁਨਾਹ ਨਾ ਕੀਤਾ ਹੋਵੇ। ਨਾਮਧਾਰੀ ਤੇ ਨਿਹੰਗ ਸਿੰਘ...। ਸਭ ਤੋਂ ਵੱਡੀ ਗਲ ਹੈ ਮਨ ਨੂੰ ਸਾਧੋ। ਬ੍ਰਹਮ ਬੂਟਾ ਦੇ ਡੇਰੇ ਵਲੋਂ ਬੀਬੀ; ਵੇਦ ਭਾਰਤੀ। ੩੦੦ ਸਾਲਾ ਗੁਰੂ ਗੋਬਿੰਦ ਸਿੰਘ ਜੀ ਦਾ; ਦਸਮ ਪਾਠ ਕਰੋ; ਪਾਰਸਰਾਮ ਦੀ ਕਥਾ...। ਚੋਕੜਾ ਮਾਰਨ ਦਾ ਅਭਿਆਸ ਕਰੋ...।

ਪੰਜਾਬ ਨੂੰ ਬਹੁਤ ਮਾਨ ਹੈ; ਗੁਰੂ ਨਾਨਕ ਬਗਦਾਦ ਤਕ ਗਏ। ਖਿਡਾਰੀਆਂ ਨੂੰ ਸਾਰੇ ਅਮਲਾਂ ਤੋਂ ਮੁਕਤ ਹੋਣਾ ਚਾਹੀਦਾ ਹੈ; ਆਪਣੇ ਆਪਣੇ ਢੰਗ ਨਾਲ ਨਾਮ ਸਿਮਰਨ ਕਰੋ। ਵਲੈਤ ਵਿਚ ੩੦ ਯੋਗੀਆ ਨੂੰ ਟੇਸਟ ਕੀਤਾ...।

੨੫ ੧:0੨

੧੬-੧੦-੯੮ ਸ੍ਰੀ ਭੈਣੀ ਸਾਹਿਬ ਅਸੂ ਦਾ ਮੇਲਾ
ਇਸ ਜਗਾ ਦਾ ਇਤਿਹਾਸ; ੧੯੩੪ ਵਿਚ ਗੁਰੂ ਨਾਨਕ ਨਾਮ ਲੇਵਾ ਕਾਨਫਰੰਸ ਹੋਈ...। ਸਤਿਗੁਰੂ ਦੇ ਉਪਦੇਸ਼ ਤੇ ਚਲੋ ਤਾਂ ਸੁੱਖ ਹੈ। ਜਾਪਾਨ; ਡ: ਗੁਪਾਲ ਸਿੰਘ; **ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ** ॥ ਪਾਰਲੀਮੈਂਟ ਵਿਚ ਮੈਂਬਰ ਪੈਸੇ ਕਮਾਉਣ ਵਾਸਤੇ; ੧੯੫੪ ਵਿਚ ਸ੍ਰੀ ਭੈਣੀ ਸਾਹਿਬ ਦੀ ਸੜਕ ਪੱਕੀ ਹੋਈ; ਬੰਕੋਂਕ ਵਿਚ ਨਾਮਧਾਰੀ ਸਕੂਲ; ੧੨ ਕੌਮਾਂ ਦੇ ਬੱਚੇ ਪੜਦੇ ਹਨ; ਪੰਜਾਬੀ ਵੀ ਪੜਾਈ ਜਾਊਗੀ। ਮਲੇਰ ਕੋਟਲਾ ਤੇ ਰਾਇਕੋਟ ਦੇ ਮੇਲੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸ਼ੁਰੂ ਕੀਤੇ; ਬੇਅੰਤ ਸਿੰਘ ਨੇ ਮਲੇਰ ਕੋਟਲੇ ਵਾਸਤੇ ਕੰਮ ਕੀਤਾ...; ਬਾਦਲ ਸਾਹਿਬ ਵੀ ਕਰਦੇ ਹਨ। ਰੰਗੂਨ ਵਿਚ ਬਹਾਦਰਸ਼ਾਹ ਦੇ ਬੰਗਲੇ ਵਿਚ ਸਤਿਗੁਰੂ ਰਾਮ ਸਿੰਘ ਜੀ ਨੂੰ ਰਖਿਆ...। ਪੂਰਿਆ ਹੋਇਆ ਖੂਹ ਦੀਆਂ ਇਟਾਂ ਲੈਕੇ ਆਏ ਹਨ; ਇੰਡਿਆ ਗੇਟ; ਲੰਡਨ ਵਿਚ ਵੀ...। ਅਮਰਜੀਤ ਸਿੰਘ ਮੇਅਰ ਨਾਲ ਗਲ ਕਰਕੇ ਆਏ ਹਾਂ। ਸਵਾ ਲਖ ਪਾਠ ਸ਼ੁਰੂ ਹਨ; ਪਾਠ ਕਰੋ; ੩੦੦ ਸਾਲਾ; ਦਸਮ ਗਰੰਥ ਦਾ ਪਾਠ ਕਰਨ। ਸੁਵੇਰੇ ੨-੪ ਆਸਾ ਦੀ ਵਾਰ; ੪ ਵਜੇ ਭੋਗ ਪੈ ਜਾਣਾ ਹੈ।

੩੧-੧੨-੯੮ ਪੰਜਾਬ ਸਿਕਸ਼ਾ ਬੋਰਡ
ਸਤਿਗੁਰੂ ਰਾਮ ਸਿੰਘ ਜੀ ਦੀ ਚੇਅਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ...। ਅੰਗਰੇਜ਼ਿਅਤ ਨਾ ਹੋਵੇ। ਸ: ਨਿਰਮਲ ਸਿੰਘ ਦਾ ਸਕੂਲ ਦਾ ਤਰੀਕਾ...। ਬੋਰਡ ਮੈਂਬਰਾਂ ਨੂੰ ਕੁਝ ਨਾਮਧਾਰੀ ਪੁਸਤਕਾਂ...। ੧੯੩੪ ਬੰਕੋਂਕ ਤੋਂ ਰੰਗੂਨ; ਗੁਰਦਵਾਰੇ ਲੜਾਈ ਹੋਈ ਪਰਧਾਨਗੀ ਤੋਂ; ੧੯੩੪ ਗੁਰੂ ਨਾਨਕ ਨਾਮ ਲੇਵਾ ਕਾਨਫਰੰਸ ...। ਯੋਗੀਆਂ ਦੇ ਦਿਮਾਗ ਨੂੰ ਮਸ਼ੀਨਾਂ ਲਾਈਆਂ...।

੧੭-੧-੯੯ ਮਲੇਰ ਕੋਟਲੇ ਬਾਦਲ ਸਾਹਿਬ

ਡ: ਨਾਹਰ ਸਿੰਘ ਗੁਰੂ ਰਾਮ ਸਿੰਘ ਤੇ ਕੂਕੇ ਸਿੱਖ...। ਇਥੇ ਦੀ ਜਗਾ ਸਿੱਖ ਮਨਿਸਟਰ ਨੇ ਨਹੀ ਦਿੱਤੀ; ਜਗਜੀਵਨ ਰਾਮ ਨੇ ਬਹੁਤ ਸੋਹਣਾ ਨੋਟ ਲਿਖਿਆ; ਬਾਦਲ ਸਰਕਾਰ ਵੀ ਜਗਾ ਦੇ ਰਹੇ ਹਨ। ਦਸਮ ਗਰੰਥ ਦੇ ਪਾਠੀ ਬਹੁਤ ਘਟ ਹਨ। ਲਾਲ ਸਿੰਘ ਕਮਲਾ ਅਕਾਲੀ; ਸ਼ਹੀਦਾਂ ਬਾਰੇ। ਸ਼ਾਹਕਾਰ ਜੀ; ੧੯੮੩ ਵਿਚ ਪੰਜਾਬੀ ਕਾਨਫਰੰਸ...। ਸਤਿਗੁਰੂ ਰਾਮ ਸਿੰਘ ਜੀ ਦੀ ਚੇਅਰ ਬਨਾਰਸ ਤੋਂ ਬਾਦ ਅੰਮ੍ਰਿਤਸਰ ਬਣ ਰਹੀ ਹੈ।

੨੨-੧-੯੯ ਰਾਈਆਂ ਬਸੰਤ ਪੰਚਮੀ

ਸਤਿਗੁਰੂ ਰਾਮ ਸਿੰਘ ਜੀ ਦਾ ਸਭ ਤੋਂ ਵੱਡਾ ਪਹਿਲੂ; **ਸੋ ਸਤਿਗੁਰੁ ਵਾਹੁ ਵਾਹੁ ਜਿਨਿ ਹਰਿ ਸਿਉ ਜੋੜਿਆ** ॥ ਹਦਵਾਣੇ ਵਿਚੋਂ ਗੁੱਦਾ ਕੱਢ ਕੇ ਦਿਖਾਲ...; ਸਾਡੇ ਵਿਚ ਸੂਈ ਨ ਵਜੇ। **ਮੁਸਲਮਾਣੁ ਕਹਾਵਣੁ ਮੁਸਕਲੁ** । ਈਸਾ ਦੀ ਦਇਆ; ਮਹੁਮੰਦ ਦੀ ਦਇਆ; ਸ਼ਿਕਾਰੀ ਨੂੰ ਸ਼ਿਕਾਰ ਤੋਂ ਛਡਾਇਆ; ਦਇਆ ਧਰਮ ਦਾ ਮੂਲ ਹੈ। **ਨਾਮ ਧਨੁ ਜਿਸੁ ਜਨ ਕੈ ਪਾਲੈ ਸੋਈ ਪੂਰਾ ਸਾਹਾ** ॥ ਸਤਿਗੁਰੂ ਦੀ ਕਿਰਪਾ ਨਾਲ ਇਹ ਜਗਾ ਸੰਤ ਪਿਆਰਾ ਸਿੰਘ; ਸੰਤ ਸੁਰਿੰਦਰ ਸਿੰਘ ਦੀ ਮੇਹਨਤ ਕਰਕੇ ਮਿਲੀ। ਬਾਵਾ ਮਨਸਾ ਰਾਮ ਜੀ (ਬਾਬਾ ਜੱਸਾ ਸਿੰਘ ਦਾ ਸੰਸਕਾਰ...) ਸੰਤਾਂ ਨੂੰ ਕਾਰ, ਦੁਸ਼ਾਲਾ ਤੇ ਮਾਇਆ ਦਿੱਤੀ ਜਾਂਦੀ ਹੈ। ਪੰਜਾਬ ਦੇ ਦੋਵੇਂ ਧੜੇ ਇਕ ਹੋ ਜਾਣ...। ਸਤਿਗੁਰੂ ਰਾਮ ਸਿੰਘ ਜੀ ਦੀ ਅੰਗਰੇਜ ਵਲੋਂ ਉਸਤਤ; ਡ: ਨਾਹਰ ਸਿੰਘ ਨੇ ਗੁਰੂ ਰਾਮ ਸਿੰਘ ਤੇ ਕੂਕੇ ਸਿੱਖ ਕਿਤਾਬ ਲਿਖੀ...। ਮਲੇਰ ਕੋਟਲੇ ਦੀ ਜਗਾ ਜਗਜੀਵਨ ਰਾਮ ਨੇ ਦਿੱਤੀ...।

ਹਿਸਾਰ

ਸਤਿਗੁਰੂ ਨੂੰ ਧੰਨ ਆਖਣ ਨਾਲ ਇਥੇ ਵੀ ਸੁੱਖ ਤੇ ਜਿਥੇ ਜਾਣਾ ਹੈ ਉਥੇ ਵੀ ਸੁੱਖ। **ਸਤਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ** ॥ ਗੁਰੂ ਹਮੇਸ਼ਾ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ੨੦ ਵਰੇ ਤੱਪ ਕੀਤਾ; ਗੁਰੂ ਬਾਲਕ ਸਿੰਘ ਤੋਂ ਗੁਰਿਆਈ ਪ੍ਰਾਪਤ ਕੀਤੀ; ਅੰਦਰ ਦੀ ਰਹਿਤ ਰਖੋ; ਤੜਕੇ ਉਠ ਕੇ ਭਜਨ ਕਰੋ; ਸਤਿਗੁਰੂ ਰਾਮ ਸਿੰਘ ਜੀ ਦੇ ਸਿੱਖਾਂ ਨੇ ਕਰ ਕੇ ਵਿਖਾਇਆ; ਸ਼ਹੀਦ ਤੇ ਸਿੱਖ ਇੰਨੇ ਤਾਕਤ ਵਾਲੇ ਬਨਾਏ ਮੌਤ ਤੋਂ ਨਹੀ ਡਰਦੇ; ਮਲੇਰ ਕੋਟਲੇ ਵਰਿਆਮ ਸਿੰਘ ਤੇ ਬਿਸ਼ਨ ਸਿੰਘ; ਨਾ ਮਿਲਵਰਤਨ ਦਾ ਹਥਿਆਰ; ਡਾਕ ਨਹੀ ਵਰਤਣੀ; ਨਹਿਰ ਦਾ ਪਾਣੀ ਨਹੀ ਪੀਤਾ...। **ਸਮੁੰਦੁ ਸਾਗਰੁ ਹੋਵੈ ਬਹੁ ਖਾਰਾ ਗੁਰਸਿਖੁ ਲੰਘਿ ਗੁਰ ਪਹਿ ਜਾਈ** ॥ ਸੰਤ ਤਖਤ ਸਿੰਘ... ਗਤਕੇ ਦੇ ਖਿਡਾਰੀ...। ਅਰਜਨ ਨੇ ਕਿਹਾ ਇਕ ਤੀਰ ਨਾਲ ਜੁੱਧ ਖਤਮ ਪਰ ਗੁਰੂ ਦਾ ਹੁਕਮ ਨਹੀ...। ਸੁੱਖ ਵਿਚ ਧਰਮ ਰਖਣਾ ਔਖਾ ਹੈ; ਸੁੱਖ ਦੁੱਖ ਦੇ ਕੇ ਜਾਂਦਾ ਹੈ। ਦੁੱਖ ਸੁੱਖ ਦੇ ਕੇ ਜਾਂਦਾ ਹੈ...।

੨੬ ੧:੦੪

੪-੩-੯੯ ਸ੍ਰੀ ਜੀਵਨ ਨਗਰ

ਜਿਸ ਨੇ ਪਿਛਲੇ ਜਨਮ ਮੋਤੀ ਦਾਨ ਕੀਤੇ ਉਸ ਨੂੰ ਰਾਗ ਆਉਂਦਾ ਹੈ। ਮਨੁੱਖਾ ਜਨਮ ਇਸੇ ਕਰਕੇ ਮਿਲਿਆ ਹੈ ਕਿ ਸਤਿਗੁਰੂ ਦੇ ਹੁਕਮ ਅਨੁਸਾਰ ਨਾਮ ਸਿਮਰਨ ਕਰਨਾ ਹੈ...। ਸਤਿਗੁਰੂ ਰਾਮ ਸਿੰਘ ਜੀ ਨਾਮ ਵੀ ਤੁਅ ਹੈ...। ਲਾਲ ਇਹ ਰਤਨ; ਇਹ ਪੁਸਤਕ ਜਰੂਰ ਲਵੋ; ਜਸ ਜੀਵਨ ਪੜੋ...। ਸੰਤਾ ਸਿੰਘ ਦੇ ਫੋੜਾ; ਸੰਤ ਫੌਜਾ ਸਿੰਘ ਨੇ ਥੁੱਕ ਥੁੱਕ ਕੇ ਠੀਕ ਕੀਤਾ; ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦੀਵਾਨ ਵਿਚ ਕੋਹੜੀ; ਫੌਜਾ ਸਿੰਘ ਨੇ ਥੁੱਕ ਕੇ ਠੀਕ ਕੀਤਾ। ਇਹ ਸੁੰਦਰ ਸਿਆਮ ਬੀਬੀ ਬੇਅੰਤ ਕੌਰ ਦੀ ਕਿਤਾਬ। ੩੦੦ ਸਾਲਾ; ਸ੍ਰੀ ਭੈਣੀ ਸਾਹਿਬ ਤੋਂ ਅਨੰਦਪੁਰ ੨੮-੩-੯੯ ਨੂੰ ਸੁਵੇਰੇ ੬ ਵਜੇ ਜਾਣਾ ਹੈ...। ਭਜਨ ਕਰਦੇ ਜਾਉ ਤੇ ਆਉ...।

੫-੩-੯੯ ਸ੍ਰੀ ਜੀਵਨ ਨਗਰ

੫੫੦ ਫੁਟ ਤੇ ਬੋਰ ਕੀਤਾ; ਪਾਣੀ ਨਹੀ ਮਿਲਿਆ; ਹੁਣ ੭੦-੮੦ ਫੁਟ ਤੇ ਪਾਣੀ ਨਿਕਲਦਾ ਹੈ। ਥੁੱਕ ਕਰ ਕਰ ਰਾਜੀ ਕੀਤਾ...। ਮਹਾਰਾਜਾ ਫਰੀਦਕੋਟ; ਅੰਤ ਸਮਾਂ...। **ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ** ਜਿਨਾਂ ਬਚਨ ਨਹੀ ਮੰਨਿਆ; ਪਾਕਸਤਾਨ ਵਿਚ ਤਕਲੀਫਾਂ ਆਈਆਂ...। ਸਤਿਗੁਰੂ ਪ੍ਰਤਾਪ ਸਿੰਘ ਜੀ; ਮੇਰਾ ਸਿੱਖ ਭੁੱਖਾ ਨਹੀ ਮਰਦਾ। **ਜਿਸ ਨੋ ਸਾਹਿਬੁ ਵਡਾ ਕਰੇ ਸੋਈ ਵਡ ਜਾਣੀ** ॥ ਗੁਰਮੁੱਖ ਸਿੰਘ ਜਥੇਦਾਰ...;ਭਾਈ ਵਜੀਰ ਸਿੰਘ ਵਿਰੁੱਧ ਵੀ ਬੋਲਦੇ ਸਨ; ਸ: ਭਗਤ ਸਿੰਘ ਦੀ ਘੋੜਿਆਂ ਦੀ ਸੇਵਾ...। ਸਿੱਖੀ ਕਿਸ ਤਰਾਂ ਰਹਿ ਸਕਦੀ ਹੈ? ਰਿਸ਼ਤਾਚਾਰੀ ਵਿਚ ਫਸਾਂਗੇ ਤੇ ਮਾਰ ਖਾਵਾਂਗੇ; ਬੀਬੀ ਨੰਦਾ...; ਸੰਤ ਫੂਲਾ ਸਿੰਘ; ਇਨਾਂ ਮਹੰਤਾਂ ਦੇ ਵਿਚ ਨਾ ਫਸਿਉ...; ਸੰਤ ਰੁਲਦੂ ਸਿੰਘ ...। ੩੦੦ ਸਾਲਾ; ਵੱਧ ਤੋਂ ਵੱਧ ਦਸਮ ਦੇ ਪਾਠ ਕਰੋ; ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ; ਮੇਰੇ ਵਾਸਤੇ ਪਾਠ ਕਰੋ...।

੧੯-੩-੯੯ ਬੀੜ ਗੁਰੁ ਕਾ

ਜਥੇਦਾਰ ਤੋਤਾ ਸਿੰਘ; ਇਤਹਾਸ ਕੁੱਜੇ ਵਿਚ ਬੰਦ ਕਰ ਦਿੱਤਾ। ਸਰਕਾਰ - ਭਰੂਨ ਹਤਿਆ ਨਾ ਕਰੋ...। **ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ ॥ ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ** ॥ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ; ਕੁੜੀ ਨਾ ਮਾਰੋ...। ਭਾਈ ਤਾਰੂ ਸਿੰਘ; ਮੇਰੇ ਵਾਲਾਂ ਵਿਚ ਗੁਰੂ ਗੋਬਿੰਦ ਸਿੰਘ ਦਾ ਅੰਮ੍ਰਿਤ ਪਿਆ ਹੈ...। ੩੦੦ ਸਾਲਾ ਨਾਮ ਸਿਮਰਨ ਕਰਦੇ ਜਾਉ ਤੇ ਆਉ...।

੧੫-੧੦-੯੯ ਸ੍ਰੀ ਭੈਣੀ ਸਾਹਿਬ ਅਸੂ ਮੇਲਾ

ਮਹਾਂ ਪੁਰਸ਼ ਸਾਰੇ ਹੀ ਚੰਗੇ ਹਨ; ੩੦੦ ਸਾਲਾ ਦੇ ਸਾਲ...। ਪੰਜਾਬ ਵਿਚ ਸਤਿਗੁਰੂ ਵਾਲੀ ਚੀਜ; ਅਜਾਦੀ; ਗੁਲਾਮ ਭੀਖ; ਸਤਿਗੁਰੂ ਰਾਮ ਸਿੰਘ ਜੀ ਨੇ ੭ ਸਾਲ ਵਿਚ ੧੦ ਲਖ ਨਾਮਧਾਰੀ ਸਜਾਇਆ; ਬਾਬਾ ਬੁੱਢਾ ਸਿੰਘ ਤੇ ਬਾਬਾ ਸੁਰਜਨ ਸਿੰਘ; ਆਪਸ ਵਿਚ ਮੇਲ...। ਸਿੰਘ ਸਭਾ ਬਨਾਈ ਗਈ; ਨਾਮਧਾਰੀਆਂ ਦੇ ਖਿਲਾਫ; ਦੇਹਧਾਰੀ ਗੁਰੂ ਨਹੀ ਮੰਨਣਾ; ਮੱਥਾ ਨਹੀ ਟੇਕਣਾ...। ਦਿੱਲੀ ਵਿਚ ਅਮਨ ਕਾਨਫਰੰਸ; ਰੂਸੀ ਸਜਣ...। ੩੦੦ ਸਾਲਾ; ਦਸਮ ਦੇ ਪਾਠੀ; ਲਹੌਰ-ਮਾਸਟਰ ਤਾਰਾ ਸਿੰਘ; ਚੰਡੀ ਦਾ ਪਾਠ...; ਮਿਥਿਹਾਸ? ਸਾਰੀ ਬਾਣੀ ਗਲਤ ਹੁੰਦੀ ਹੈ; ਗਿਆਨੀ ਪੂਰਨ ਸਿੰਘ- ਦਸਮ ਠੀਕ ਹੈ। ਅਕਾਲ ਬੁੰਗੇ ਤੋਂ ਸਾਰੇ ਸਿੱਖਾਂ ਨੂੰ ਚਿੱਠਿਆਂ ਲਿਖੀਆਂ ਕਿ ਨਾਮਧਾਰੀ ਸਿੱਖ ਨਹੀ; ਕੁਝ ਡੇਰਿਆਂ ਨੇ ਨਹੀ ਲਿਖਿਆ; ਬ੍ਰਹਮ ਬੂਟਾ ਡੇਰਾ...; ਸਿੱਖਾਂ ਨੇ ਅੰਗਰੇਜ ਭਗਤੀ ਕੀਤੀ; ਸਤਿਗੁਰੂ ਰਾਮ ਸਿੰਘ ਜੀ ਦੀ ਪੁਜਾਰੀਆਂ ਨੂੰ ਚਿੱਠੀ...। ਧਰਮ ਤੇ ਸਿਆਸਤ...। ਸ੍ਰੀ ਭੈਣੀ ਸਾਹਿਬ ਲੰਗਰ ਚਲਦਾ ਹੈ...। ਜਾਪਾਨ; ਬੁਧ ਧਰਮ ਦੀ ਯੂਨੀਵਰਸਿਟੀ; **ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ** ॥ ਪੰਜਾਬ ਦੀ ਵੰਡ; ਲੇਹ ਵਿਚ ਪੰਜਾਬੀ ਪੜਦੇ ਸਨ...। ਸੰਤ ਬ੍ਰਹਮ ਮੁਨੀ; ੧੦ ਪੁਸ਼ਤਾਂ ਤੇ ਇਕੱਠੇ ਹੋਏ ਹਨ...।

੨੭ ੧:੦੪

੧੬-੧੦-੯੯ ਸ੍ਰੀ ਭੈਣੀ ਸਾਹਿਬ ਬਾਦਲ ਸਾਹਿਬ

ਸ੍ਰੀ ਭੈਣੀ ਸਾਹਿਬ ਵਿਚ ੧੯੩੪ ਵਿਚ ਗੁਰੂ ਨਾਨਕ ਨਾਮ ਲੇਵਾ ਕਾਨਫਰੰਸ...। ਗਊ ਗਰੀਬ ਦੀ ਰੱਖਿਆ ਵਿਚ ਸਿਆਸਤ ਤੇ ਧਰਮ ਦੋਨੋ ਆ ਜਾਂਦੇ ਹਨ। ਭਰੂਨ ਟੇਸਟ ਵਿਰੁੱਧ ਬਿਲ ਵੀ ਪਾਸ ਹੋਵੇ...। ਮਲੇਰਕੋਟਲੇ ਦੀਆਂ ਤੋਪਾਂ ਪਟਿਆਲੇ ਤੋਂ...। ਨਸ਼ਿਆ ਤੇ ਏਡ ਤੋਂ ਬਚਾਇਆ ਜਾਵੇ; ਨਹਿਰਾਂ ਵਿਚ ਫੈਕਟਰੀਆਂ ਦਾ ਪਾਣੀ ਬੰਦ ਹੋਵੇ; ਕੋਕਾ ਕੋਲਾ ਤੋਂ ਕਈ ਬਿਮਾਰੀਆਂ...। **ਸਭਨਾ ਮਰਣਾ ਆਇਆ ਵੇਛੋੜਾ ਸਭਨਾਹ ॥ ਪੁਛਹੁ ਜਾਇ ਸਿਆਣਿਆ ਆਗੈ ਮਿਲਣੁ ਕਿਨਾਹ** ॥ ਵੇਜੀਟੇਰੀਅਨ ਕੌਂਸਲ; ਡਾਕਟਰ ਵੀ ਕਹੇ ਕਿ ਮਾਸ ਖਾਉ ਤਾਂ ਡਾਕਟਰ

ਬਦਲ ਦੇਵੋ। ਬੈਲਫਾਸਟ ਇਕ ਗੋਰੇ ਦਾ ਕੁੱਤਾ ਵੈਜੀਟੇਰਿਅਨ; ਬਿੱਲੀ ਵੈਜੀਟੇਰਿਅਨ...। ਗੁਰੂ ਕਾਲ; ਆਦਿ ਕਾਲ ਤੋਂ; ਫਰੀਦਕੋਟ ਦਾ ਰਾਜਾ...।

੧੭-੧੦-੯੯ ਭੋਗ ਤੋਂ ਬਾਦ
ਜਿਨੀ ਤੁਧਨੋ ਧੰਨੁ ਕਹਿਆ ਤਿਨ ਜਮੁ ਨੇੜਿ ਨ ਆਇਆ ॥ ਜਪ ਪ੍ਰਯੋਗ ਦਾ ਭੋਗ ਪਿਆ ਹੈ ਤੇ ਅਗਲਾ ਸ਼ੁਰੂ ਹੋ ਗਿਆ ਹੈ। ੩-੮ ਸਾਲ ਦੇ ਬੱਚੇ ੨ ਵਜੇ ਆਕੇ ਬਹਿ ਜਾਂਦੇ ਹਨ। ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ ॥ ਨਵਾਂ ਮੇਲੇਨਿਅਮ ਸ਼ੁਰੂ ਹੋਣਾ ਹੈ। ਪਿਛਲੇ ਕਰਮਾਂ ਤੋਂ ਤੋਬਾ ਕਰਕੇ ਨਾਮ ਸਿਮਰਨ ਕਰੋ; ਬੱਚੇ ਸਿੱਖ ਜਰੂਰ ਬੰਨਣ। ਹਾਕੀ ਦੇ ਬੱਚੇ...। ਸਤਿਗੁਰੂ ਦੇ ਹੁਕਮ ਨਾ ਮੰਨਣ ਤੇ ਦੁੱਖ ਹੁੰਦਾ ਹੈ; ਵਿਆਹ ਗਲਤ ਨਾ ਕਰੋ...। ਸਾਧੂ ਦੀ ਅਵਸਥਾ ...। ਚਾਰ ਭਰਾ; ਇਕੋ ਜਿੰਨੀ ਜਮੀਨ; ਪਰ ਕਰਮ ਵਖਰੇ ਵਖਰੇ...। ਗੁਰਮੁੱਖ ਤੇ ਮਨਮੁੱਖ...। ਬੱਚਿਆ ਦੇ ਬਸਤਰ ਠੀਕ ਰਖੋ।

੧੪-੮-੯੭ ਮਸਤਾਨ ਗੜ ਆਸਾ ਦੀ ਵਾਰ ਉਪਰੰਤ;
ਦੁਨਿਆਵੀ ਬੰਦਨਾਂ ਵਿਚ ਪੈ ਗਏ ਹਾਂ। ਆਪਣੀਆਂ ਗਲਤੀਆਂ ਲਕੋਣ ਦਾ ਯਤਨ ਕਰਦੇ ਹਾਂ...। ਨਾਮ ਸਿਮਰਨ ਕਰੋ...। ਪੜੇ ਲਿਖੇ ਬਾਣੀ ਪੜੋ...। **ਪਛੋਤਾਵਾ ਨਾ ਮਿਲੈ ਜਬ ਚੂਕੈਗੀ ਸਾਰੀ ॥ ਤਾ ਫਿਰਿ ਪਿਆਰਾ ਰਾਵੀਐ ਜਬ ਆਵੈਗੀ ਵਾਰੀ** ॥

ਪੰਜਾਬ ਨੂੰ ਮਾਨ ਹੈ ਕਿ ਸਤਿਗੁਰਾਂ ਨੇ ਸਰੂਪ ਧਾਰੇ...। ਗੁਰੂ ਨਾਨਕ ਬਗਦਾਦ ਤਕ ਗਏ...। ਅਮਲਾਂ ਤੋਂ ਮੁਕਤ; ਇਕ ਘੰਟਾ ਨਾਮ ਸਿਮਰਨ ਜਿਸ ਜਿਸ ਧਰਮ ਨੂੰ ਮੰਨਦੇ ਹੋ; ਨਾਮਧਾਰੀਕ ਹੋਵੇ। ਯੂਕੇ ਵਿਚ ੩੦ ਯੋਗੀ...। **ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ ਐਸੀ ਖੇਲ ਹਰਿ ਪਿਆਰੀ** ॥

ਪਾਰਲੀਮੈਂਟ ਵਿਚ ਅਜੇ ਸਤਿਗੁਰੂ ਰਾਮ ਸਿੰਘ ਜੀ ਦੀ ਤਸਵੀਰ ਨਹੀ ਲਗੀ...। ਰਾਗਾਂ ਵਿਚ ਬਾਣੀ; **ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ** ॥ ੧੯੮੦ ਵਿਚ ਔਰੰਗਾਬਾਦ ਬੱਚਿਆਂ ਨੇ ੧੪ ¾ ਮਾਤਰ ਧਰੁੱਪਦ ਵਿਚ ਬਜਾਇਆ। ਚੌਰੀਸਿਆ ਤੇ ਸਿਵ ਕੁਮਾਰ ਜੀ ਹੈਰਾਨ ਹੋਏ। ਅਮਜਦ ਅਲੀ ਖਾਨ ਨੇ ਦਸ ਕੇ ਬਜਾਇਆ ਕਿ ਇਹ ਇਥੋਂ ਸਿਖਿਆ...। ੧੯੩੪ ਵਿਚ ਗੁਰੂ ਨਾਨਕ ਨਾਮ ਲੇਵਾ ਕਾਨਫਰੰਸ...। ੧੯੪੩ ਵਿਚ ਹਿੰਦੂ ਸਿੱਖ ਏਕਤਾ ਕਾਨਫਰੰਸ...। ਅਪਣੇ ਅਪਣੇ ਧਰਮ ਵਿਚ ਪੱਕੇ ਹੋ ਕੇ ਕੰਮ ਹੁੰਦਾ ਹੈ; ਪਾਣੀ ਵਖਰਾ ਤੇ ਇਕ...।

੧੩-੭-੯੭ ਕਨੇਡਾ
ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਹੀ ਕੀਤੇ; ਇਹ ਰਚਨਾ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ੧੦ ਸਾਲ ਵਿਚ ੭ ਲਖ ਨਾਮਧਾਰੀ ਬਨੇ...। ਗੋਰਾ ਤੇ ਗੋਰੀ ਜੰਗਲ ਵਿਚ ਸਤਿਗੁਰੂ ਰਾਮ ਸਿੰਘ ਜੀ ਦਾ ਦਰਸ਼ਨ; ਕੋਈ ਭੁੱਖ ਨਹੀ। ਕਿਸੇ ਨਾਲ ਬਹਸ ਨਾ ਕਰੋ, ਦਸੋ ਕਿ ਅਸੀਂ ਗੁਰਬਾਣੀ ਅਨੁਸਾਰ ਜੀਂਦੇ ਹਾਂ। ਨਾਮਧਾਰੀ ਤੇ ਨਿਹੰਗ ਸਿੰਘ...। ਖਿਮਾ ਕਰਨੀ; ਧੀਰਜ ਰਖਣੀ। ਐਸੇ ਸੰਤ ਬਨੇ; **ਜਿਨਾ ਸਾਸਿ ਗਿਰਾਸਿ ਨ ਵਿਸਰੈ ਸੇ ਪੂਰੇ ਪੁਰਖ ਪਰਧਾਨ** ॥ ਜਥੇਦਾਰ ਅਤਰ ਸਿੰਘ ਦਾ ਦੀਵਾਨ; ਗੜਵੇ ਨਾਲ ਦੀਵਾਨ; ਕਿਸੇ ਪਾਣੀ ਭਰ ਦਿੱਤਾ...। ਰਾਜੇ ਦੀ ਬੀਰ ਯਾਤਰਾ; ਪੱਟਿਆ ਦਾ ਡੇਰਾ...। ਹਮੇਸ਼ਾ ਨਾਮ ਸਿਮਰਨ ਕਰੋ ਤਾਕੇ ਅੰਤ ਵੇਲੇ ਉਸ ਦੇ ਚਰਨਾਂ ਵਿਚ ਪਹੁੰਚੀਏ..।

ਪੰਜਾਬ ਨੂੰ ਮਾਨ ਹੈ ਕਿ ਸਤਿਗੁਰਾਂ ਨੇ ਸਰੂਪ ਧਾਰੇ...। ਗੁਰੂ ਨਾਨਕ ਬਗਦਾਦ ਤਕ ਗਏ...। ਅਮਲਾਂ ਤੋਂ ਮੁਕਤ; ਇਕ ਘੰਟਾ ਨਾਮ ਸਿਮਰਨ ਜਿਸ ਜਿਸ ਧਰਮ ਨੂੰ ਮੰਨਦੇ ਹੋ; ਨਾਮਧਾਰੀਕ ਹੋਵੇ। ਯੂਕੇ ਵਿਚ ੩੦ ਯੋਗੀ...। ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ ਐਸੀ ਖੇਲ ਹਰਿ ਪਿਆਰੀ ॥

ਗੁਰੂ ਨਾਨਕ ਦੇਵ ਦੀ ਦੀ ਬਾਣੀ; ੯ਵੇਂ ਗੁਰੂ ਦੇ ਸਲੋਕ ਸੁਣੇ ਹਨ। ਇਕ ਚਿੱਠੀ ਲਿੱਖੀ ਕਿ ਸਾਰੀਆਂ ਚੀਜਾਂ ਤਿਆਰ ਰੱਖੀਂ; ਚਿੱਠੀ ਨੂੰ ਧੂਪ ਦਿੱਤੀ; ਰੋਜ ਪੜਦਾ ਹਾਂ...। ਕਲਕੱਤੇ ਕੰਮਨਿਊਸਟ ਲੀਡਰ ਰੋਜ ਕਿਤਾਬ ਪੜਦਾ ਸੀ ਕਿ ਕਿੰਨਾ ਮੰਨਦਾ ਹੈ। ਸੰਤ ਵਿਚ ਸੰਤ ਵਾਲੇ ਗੁਣ ਹੋਣੇ ਚਾਹੀਦੇ ਹਨ। ਇਕ ਅਕਾਲੀ ਲੀਡਰ ਨੂੰ ਸਿਰੋਪਾ ਦਿਤਾ...। ਜਸ ਜੀਵਨ ਪੜੋ; ਸੰਤ ਗੁਪਾਲ ਸਿੰਘ ਰਾਏਪੁਰ ਵਾਲੇ...। ਕਿਸੇ ਵੇਲੇ ਪਾਪ ਸਨ; ਸੁਵੇਰੇ ਨਹੀ ਉਠਣਾ...।

੧੦-੭-੯੮ ਮਹੰਤ ਆਤਮਾ ਸਿੰਘ ਦਾ ਭੋਗ

ਰਸਨਾ ਨਾਮ ਜਪਣ ਵਾਲੇ ਪਾਸੇ ਲਾਉ...। ਪੰਡਤ ਜੀ ਬਹੁਤ ਮਜਮੂਨਾਂ ਦੇ ਮਾਹਿਰ ਹਨ। ਅਰਜਨ ਦੀ ਵਿਦਿਆ; ਚਿੱੜੀ ਤੇ ਨਿਸ਼ਾਨਾ...। ਸੰਤਾਂ ਦੀ ਉਸਤਤ...। ਸਤਿਗੁਰੂ ਰਾਮ ਸਿੰਘ ਜੀ ਨੇ ਸੰਤ ਇਕੱਠੇ ਕਰਕੇ ਪੰਥ ਚਲਾਇਆ...। ਫਤਿਹ ਸਿੰਘ ਦੇ ਚਾਚਾ ਧੰਨਾ ਸਿੰਘ; ਸਤਿਗੁਰੂ ਰਾਮ ਸਿੰਘ ਜੀ ਨੇ ਜਿਹੜਾ ਭਜਨ ਦਿਤਾ...। ਸੰਤ ਜੀਉਣ ਸਿੰਘ ਸਰਹਾਲੀ ; ਦਰਸ਼ਨ ਰੰਗੂਨ ਤੋਂ; ਕਿਸ਼ਨ ਸਿੰਘ ਢੁਢੀਕੇ; ਪਾਠ ਕਰਨ ਦੇ ਦੋਸ਼ ਵਿਚ ਸਜਾ।

੧੭-੬-੯੮ ਲੰਡਨ

ਸਿੰਗਵੀ ਜੀ; ਜੈ ਵਿਸ਼ਵ ਦੇਵ; ਸ਼ਰਮਾ ਜੀ...। ਸੰਕਟ ਵੇਲੇ ਸਹੀ ਰੂਪ ਵਿਚ ਧਰਮ ਨੂੰ ਮੰਨਣ ਵਾਲੇ ਮਾਰਗ ਦਰਸ਼ਨ ਕਰਦੇ ਆਏ। ਗੁਰੂ ਨਾਨਕ ਦੇਵ; ਸਤਿਗੁਰੂ ਰਾਮ ਸਿੰਘ ਜੀ...। ਅੰਗਰੇਜੀ ਰਾਜ ਦੀਆਂ ਬਰਕਤਾਂ...। ਅਜਾਦੀ ਦਾ ਵੀ ਬੀਜ ਬੋਅ ਦਿੱਤਾ। ਆਤਮ ਗਿਆਨ ਦੇਕੇ; ਪਹਿਲਾਂ ਕਾਮ ਕਰੋਧ, ਹੰਕਾਰ ਦੀ ਗੁਲਾਮੀ ਤੋਂ ਦੂਰ ਕੀਤਾ; ਬਾਬਾ ਸੋਹਣ ਸਿੰਘ ਭਕਨਾ...। ਮਲੇਰ ਕੋਟਲੇ ਦੇ ਸ਼ਹੀਦ...।

੧੭-੪-੯੯

ਅੰਗਰੇਜਾਂ ਵੇਲੇ ਸਾਡਾ ਇਤਹਾਸ ਅਗੇ ਨਹੀ ਅਉਣ ਦਿੱਤਾ...; ਗੁਲਾਮ ਭੀਖ ਨੇ ਲਿਖਿਆ ਕਿ ੧੦ ਸਾਲ ਵਿਚ ੭ ਲਖ ਨਾਮਧਾਰੀ ਬਣੇ...। ਬਾਬਾ ਅਰੂਪ ਸਿੰਘ; ਬਾਬਾ ਜੈਮਲ ਸਿੰਘ; ਸਿੱਖਾਂ ਨੇ ਖਰਾਬੀ ਕਰਨੀ ਹੈ ਸ੍ਰੀ ਜੀਵਨ ਨਗਰ ਥਾਂ ਬਾਰੇ...। ਆਤਮਾ ਸਿੰਘ ਸੰਨਖਤਰਾ ਨੇ ਮੌਤ ਨੂੰ ਬੁਰਾ ਆਖਿਆ ਕਾਲੇ ਹਾਸ਼ੀਏ ਨਾਲ...; ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮਨਾ ਕੀਤਾ ਕਿ ਇਸ ਤਰਾਂ ਨਹੀ...; ਮੌਤ ਭਾਣਾ ਹੈ...। ਫਰੀਦਕੋਟ ਦਾ ਰਾਜਾ...। ਬੰਤਾ ਸਿੰਘ ਗੋਲੇਟੋਲੇ ਦਾ ਸਿੱਖ ਪੂਰਾ ਹੋਇਆ; ਭਰਜਾਈ ਚੀਖ ਮਾਰੀ; ਸੂਲ ਚੱਭੀ; ਮਰਨ ਪਿਛੋਂ ਰੋਣਾ ਨਹੀ।

੨੨-੩-੨੦੦੦ ਹੋਲਾ

੨੦ ਤਰੀਕ ਨੂੰ ਗੁਰੂ ਬਾਲਕ ਸਿੰਘ ਦਾ ਦਿਨ; ਕਲ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪ੍ਰਕਾਸ਼; ਲਾਲ ਇਹ ਰਤਨ...। ਬਾਦਲ ਨੂੰ ਅਸ਼ੀਰਵਾਦ...।

੨੩-੩-੨੦੦੦ ਹੋਲਾ

ਗੁਰਮਤ ਤੇ ਮਨਮਤ। ਪਾਪ ਦਾ ਬਾਪ ਕੌਣ ਹੈ? ਇਕ ਵਜੀਰ ਪੰਡਤ; ਭੇਡਾਂ ਚਾਰਨ ਵਾਲਾ; ਪਾਰਸ ਦੀ ਬੱਟੀ ਬਦਲੇ; ਭੇਡ ਦਾ ਦੁੱਧ ਖੋਪਰੀ ਵਿਚ, ਝੂਠਾ ਕਰਕੇ...। ਮਾਈ ਕਰਮੋ ਦੀ ਈਰਖਾ ਮਾਤਾ ਗੰਗਾ ਤੇ...। ਚੱਕੀ ਚਲੀ ਹੈ ਹੁਣ ਖਰਾਸ ਚਲਣਾ ਹੈ...। **ਸੋ ਪੰਡਿਤੁ ਜੋ ਮਨੁ ਪਰਬੋਧੈ** ॥ ਹਰੀ ਬਾਬਾ ਜੀ; ਮਨ ਐਸਾ ਹੀ ਬਨਿਆ ਰਹੇ...। ਗੁਰੂਆਂ ਨੂੰ ਤੋਲੋ ਨਾ...। ਨਾਮ ਸਿਮਰਨ ਵਧਾਉ...। ਸੰਤ ਤਖਤ ਸਿੰਘ; ੧ ਵਜੇ ਉਠ ਕੇ ਇਸ਼ਨਾਨ; ੨ ਵਜੇ ਨਾਮ ਸਿਮਰਨ। ਬਿਹਲੋਲ...। ਸਾਰਿਆ ਨੂੰ ਖੁਸ਼ੀਆਂ- ਜੈਕਾਰਾ।

੨੯ ੧:੦੩

੧੩-੧੦-੯੬ ਸ੍ਰੀ ਭੈਣੀ ਸਾਹਿਬ ਅਸੂ ਮੇਲਾ

੧੯੩੪ ਵਿਚ ਗੁਰੂ ਨਾਨਕ ਨਾਮ ਲੇਵਾ ਕਾਨਫਰੰਸ ਹੋਈ...। ੧੦ ਪਾਤਿਸ਼ਾਹੀਆਂ ਦਾ ਅਰਦਾਸ। ਬਾਬਾ ਸਰਬਜੀਤ ਸਿੰਘ ਬੇਦੀ ਗੁਰੂ ਨਾਨਕ ਦੀ ਅੰਸ ਬੰਸ ਵਿਚੋਂ ਦਰਸ਼ਨ ਦਿੱਤੇ ਹਨ। **ਭਰੀਐ ਹਥੁ ਪੈਰੁ ਤਨੁ ਦੇਹ** ॥ ਕਈ ਦਲ ਬਨੇ ਹਨ; ਸਾਰੇ ਇਕੱਠੇ ਹੋ ਜਾਈਏ।

੨੭-੫-੯੭ ਸ੍ਰੀ ਭੈਣੀ ਸਾਹਿਬ

ਰਾਮ ਕਹੇ ਚਿਤ ਥਿਤ ਹੋਏ...। ਬੱਚਿਆਂ ਦੇ ਵੀਚਾਰ; ਪ੍ਰੋਫੈਸਰ ਕਸੇਲ ਹੋਣਾਂ ਦੇ ਵੀਚਾਰ...। ਡ: ਤਰਲੋਕ ਸਿੰਘ ਸ੍ਰੀ ਜੀਵਨ ਨਗਰ; ਆਪ ਹੀ ਆਪਣਾ ਇਲਾਜ ਕੀਤਾ। ਪ੍ਰੋਫੈਸਰ ਚੀਮਾ ਤੇ ਕਾਲੜਾ...। ਬਨਾਰਸ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਇਕ ਉਪਦੇਸ਼; ਹਰ ਇਕ ਨਾਮਧਾਰੀ ਦਾ ਫਰਜ ਹੈ ਕਿ ਜੋ ਚਾਨਣ ਸਤਿਗੁਰੂ ਰਾਮ ਸਿੰਘ ਜੀ ਨੇ ਦਿਤਾ ਸਾਰਿਆਂ ਨੂੰ ਦਸੋ। ਜਾਪਾਨ... **ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ** ॥ ਸਤਿਗੁਰੂ ਰਾਮ ਸਿੰਘ ਜੀ ਨੇ ਪੰਜਾਬੀ ਪੜਨ ਤੇ ਜੋਰ ਦਿੱਤਾ; ਹੋਸ਼ ਆਉਦੀ ਨਾਲ ਗੁਰਮੱਖੀ ਦੇ ਅਖਰ ਪੜਾਵੋ; **ਗੁਰਬਾਣੀ ਇਸੁ ਜਗ ਮਹਿ ਚਾਨਣੁ** ; ਇਸ ਪੰਥ ਦੀ ਨੀਂਹ ਪਾਤਾਲ ਵਿਚ ਹੈ; ਗੁਰੂ ਤੇਗ ਬਹਾਦਰ ਨੂੰ ਦਰਬਾਰ ਸਾਹਿਬ ਨਹੀ ਆਉਣ ਦਿੱਤਾ; ਬੀੜ ਲੁੱਟ ਲਈ ਧੀਰਮਲ ਤੋਂ; ਬਿਆਸਾ ਦਰਿਆ ਵਿਚ ਅਮਾਨਤ; ੯ਵੀਂ ਪਾਤਿਸ਼ਾਹੀ ਦੀ ਅਰਦਾਸ ਫੇਰ ਬੀੜ ਮਿਲੀ...। ਰੰਗੂਨ ਗੁਰੂਦਵਾਰੇ ਲੜਾਈ ਹੋਈ ਪ੍ਰਧਾਨਗੀ ਤੋਂ...; ੧੯੩੪ ਵਿਚ ਗੁਰੂ ਨਾਨਕ ਨਾਮ ਲੇਵਾ ਕਾਨਫਰੰਸ ਕੀਤੀ...।

੧੯-੩-੯੮ ਸੰਤ ਤਰਨ ਸਿੰਘ ਲਾਭ ਸਿੰਘ ਦੀ ਯਾਦ

ਬਲਵੰਤ ਸਿੰਘ ਦੀ ਕਵਿਤਾ; ਨਾਹਰ ਸਿੰਘ...। ਸਾਧੂ ਸਿੰਘ ਤੇ ਗੁਰਮੁੱਖ ਸਿੰਘ ਦੋਵੇਂ ਕੁੰਢੇ...। ਬੜੀ ਮੁਸ਼ਕਲ ਨਾਲ ਜਸ ਜੀਵਨ ਦਾ ਖਰੜਾ ਪੜਿਆ...। ਬਾਬਾ ਜੈਮਲ ਸਿੰਘ ਸ੍ਰੀ ਜੀਵਨ ਨਗਰ ਵਾਲੇ; ਸਿੱਖ ਬੇਸਿੱਦਕ ਹੋ ਜਾਣਗੇ...। ਚਕਰਵਰਤੀ ਤੇ ਆਲਮ ਜੀ ਦਾ ਵੀ ਸਮਾਗਮ ਕਰਨਾ ਹੈ। ਰਾਸ਼ਟਰ ਭਾਸ਼ਾ...। ਸੰਤ ਤਖਤ ਸਿੰਘ ...ਗਤਕਾ। ਕਈ ਫੋਟੋ ਗਵਾਚ ਗਈਆਂ। ਸੰਤ ਸੰਪੂਰਨ ਸਿੰਘ... ਨੰਦ ਲਾਲ ਗੋਯਾ...।

੨੩-੩-੨੦੦੦ ਸ੍ਰੀ ਭੈਣੀ ਸਾਹਿਬ

ਕਵੀ ਜੀਵਨ ਸਿੰਘ ਫੁਲਵਾੜੀ ਦੇ ਫੁਲ; ਆਲਮ ਜੀ ਜਦੋਂ ਚੜਾਈ ਕੀਤੇ ਤੇ ਆਤਮਾ ਸਿੰਘ ਨੇ ਸਤਿਜੁਗ ਵਿਚ ਕਾਲੇ ਹਾਸ਼ੀਏ ਨਾਲ ਲੇਖ ਲਿਖਿਆ; ਸਤਿਗੁਰੂ ਪ੍ਰਤਾਪ ਸਿੰਘ ਜੀ ਬਹੁਤ ਨਰਾਜ਼ ਹੋਏ...। ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮ- ਮਰਨ ਪਿਛੋਂ ਰੋਣਾ ਪਿਟਣਾ ਨਹੀਂ...। ਗੁਰਮੁੱਖ ਸਿੰਘ ਜਥੇਦਾਰ ਦੀਆਂ ਸਿਕਾਇਤਾਂ...। ਮਹੰਤ ਕੇਸਰ ਸਿੰਘ ਨੇ ਪਾਲਿਆ...। ਵਿਰਕ ਦਾ ਅੰਦਰਲਾ ਮਨ ਦੇਖੋ। ਸਤਿਗੁਰੂ ਦੇ ਚਰਨਾਂ ਵਿਚ ਬਿਰਾਜੇ ਹਨ...। ਕਵੀ ਜੀਵਨ ਸਿੰਘ ਦੀ ਛਾਪ ਸਾਰੇ ਕਵਿਤਾ ਕਰਨ ਵਾਲਿਆਂ ਤੇ ਲਗੀ ਹੈ।

੧੩-੪-੨੦੦੦ ਵੈਸਾਖੀ

ਦਸਮ ਦਾ ਤਰਜਮਾਂ; ਸੰਤ ਵਿਰਸਾ ਸਿੰਘ; ਡ: ਜੋਧ ਸਿੰਘ...। ਇਕ ਸਮਾਂ ਸੀ ਕੂਕਿਆਂ ਤੇ ਜ਼ੁਲਮ ਹੁੰਦਾ ਸੀ; ਅੰਗਰੇਜਾਂ ਨੇ ਸਿੱਖ ਲਾਇਲਟੀ ਦੀਆਂ ਪੁਸਤਕਾਂ...। ਸੱਚ ਪੁਰਾਣਾ ਨਹੀਂ ਹੁੰਦਾ। ਸਤਿਗੁਰੂ ਰਾਮ ਸਿੰਘ ਜੀ ਦੇ ਸਿੱਖਾਂ ਦਾ ਅਜ਼ਾਦੀ ਵਾਸਤੇ ਕੋਈ ਸਾਨੀ ਨਹੀ; ਅੰਮ੍ਰਿਤਸਰ ਦੇ ਸ਼ਹੀਦ...। **ਜਹ ਸਤਿਗੁਰੁ ਤਹ ਸਤਸੰਗਤਿ ਬਣਾਈ** ॥ ਅਸੀਂ ਦੀਵਾਨ ਨਹੀ ਲਾ ਸਕਦੇ...। ਅੰਗਰੇਜ ਨੇ ਪੁਛਿਆ ਕਿਹੜੀ ਅੱਖ ਕਾਣੀ ਹੈ? ਡ: ਜੋਧ ਸਿੰਘ...। ਫਰੀਦਕੋਟ ਦਾ ਮਹਾਰਾਜਾ ...। ਟਮਾਟਰ ਦੀ ਚੱਟਣੀ ਵਿਚ ਟਮਾਟਰ ਨਹੀ; ਗੁਰੂ ਗੋਬਿੰਦ ਸਿੰਘ ਜੀ ਦੇ ਜਸ਼ਨ ਮਨਾ ਰਹੇ ਹਾਂ ਪਰ ਬਾਣੀ ਨਹੀ ਪੜਦੇ। **ਇਕ ਨਾਮ ਬਿਨਾ ਨਹੀ ਕੋਟ ਵ੍ਰਤੀ ॥ ਇਮ ਬੇਦ ਉਚਾਰਤ ਸਾਰਸੁਤੀ** ॥ ਭਗਤ ਸਿੰਘ ਦੀ ਚਿੱਠੀ...। ਭਰਾ ਦਾ ਦੋਹਤਰਾ...ਨਾਮਧਾਰੀ ਸਕੂਲ ਵਿਚ ਪੜਦਾ ਹੈ...।

ਏਕ ਭਗਤਿ ਭਗਵਾਨ ਜਿਹ ਪ੍ਰਾਨੀ ਕੈ ਨਾਹਿ ਮਨਿ ॥ ਜੈਸੇ ਸੂਕਰ ਸੁਆਨ ਨਾਨਕ ਮਾਨੋ ਤਾਹਿ ਤਨੁ ॥ ਫਾਇਦਾ ਸਤਿਗੁਰੂ ਦੇ ਬਚਨਾ ਵਿਚ...। ਕਿਸ਼ਨ ਸਿੰਘ, ਤਾਰਾ ਸਿੰਘ ਜਮਨਾ ਨਗਰ; ਸਿੱਖੀ ਨੂੰ ਮੁੱਖ ਰਖਿਆ...। **ਸਦਾ ਸੁਖੁ ਮਨਿ ਵਸੈ ਦੁਖੁ ਸੰਸਾਰਹ ਖੋਵੈ ॥ ਗੁਰੁ ਨਵ ਨਿਧਿ ਦਰੀਆਉ ਜਨਮ ਹਮ ਕਾਲਖ ਧੋਵੈ** ॥ ਅਪਣੇ ਅਪਣੇ ਸਤਿਗੁਰੂ ਦਾ ਨਾਮ ਸਿਮਰਨ ਕਰੋ। **ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ ॥ ਸੇ ਭਗਤ ਸੇ ਭਗਤ ਭਲੇ ਜਨ ਨਾਨਕ ਜੀ ਜੋ ਭਾਵਹਿ ਮੇਰੇ ਹਰਿ ਭਗਵੰਤਾ ॥ ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ ।**

੩੦ ੧:੦੬

੧੩-੫-੭੬ ਬੰਗਲੌਰ ਕਥਾ

ਕਲ ਸਤਿਗੁਰਾਂ ਦਾ ਕੁਝ ਜਸ ਹੋ ਸਕਿਆ; ਕਥਾ ਦਾ ਸੁਆਦ ਬਹੁਤ ਆਇਆ; ਕਰਨ ਤੇ ਸਨਣ ਵਾਲੇ ਬਨ ਸਕੀਏ...। ਹਜਰਤ ਮੁਹੰਮਦ ਦਾ ਭਤੀਜਾ...। ਇਕ ਸਿੱਖ ਨੂੰ ਦਾੜੀ ਮੁੰਨਣ ਤੋਂ ਮਨਾ ਕੀਤਾ; ਉਸ ਕਿਹਾ ਕਿ ਉਹ ਗੁਰੂ ਗੋਬਿੰਦ ਸਿੰਘ ਜੀ ਦਾ ਸਿੱਖ ਨਹੀ, ਗੁਰੂ ਨਾਨਕ ਦਾ ਸਿੱਖ ਹੈ...। **ਕੂਟਨੁ ਸੋਇ ਜੁ ਮਨ ਕਉ ਕੂਟੈ** ॥ ਭਾਈ ਬਿਧੀ ਚੰਦ ਦਾ ਪ੍ਰਸੰਗ; ਸੰਤ ਅਦਲੀਆ; ਗੁਰੂ ਕੇ ਘੋੜੇ ਲਿਆਏ; ਜਹਾਂਗੀਰ ਦੇ ਬੇਗਮਾਂ ਦੀ ਚੋਰੀ ਕੀਤੀ...; ਗੁਰੂ ਮਾਤਾਵਾਂ ਨੇ ਕਿਹਾ ਕਿ ਸਾਨੂੰ ਵੀ ਗਹਿਣੇ ਲਿਆ ਦੇ...। ਕਥਾ ਵਿਸਥਾਰ ਵਿਚ ...। ਬਿਧੀ ਚੰਦ ਵਾਪਸ ਕਰਤਾਰਪੁਰ ਆ ਗਿਆ; ਗਹਿਣਿਆਂ ਦੀ ਸੁੰਦਰਤਾ...। ਮਾਤਾ ਨਾਨਕੀ ਦੀਆਂ ਖੁਸ਼ੀਆਂ...। ਮਾਈ ਨੇ ਘੋੜਿਆਂ ਦੀ ਸੇਵਾ ਕੀਤੀ ਸੁਹੇਵੇ ਸਾਹਿਬ...। ਸਾਰੀ ਮਰਯਾਦਾ ਸਤਿਗੁਰੂ ਦੇ ਹੁਕਮ ਵਿਚ ਹੈ...। ਇਕ ਸੇਵਕ ਨੂੰ ੧੨ ਸਾਲ ਦੀ ਸੇਵਾ; ਪਾਰਸ ਦੀ ਬੱਟੀ; ਭੰਗਣ ਨੇ ਛਿੱਟੇ ਪਾਏ...। ਬਾਬਾ ਰੁਲਦੂ ਸਿੰਘ...। **ਜੰਮਣੁ ਮਰਣੁ ਨ ਤਿਨ੍ ਕਉ ਜੋ ਹਰਿ ਲੜਿ ਲਾਗੇ ॥ ਜੀਵਤ ਸੇ ਪਰਵਾਣੁ ਹੋਏ ਹਰਿ ਕੀਰਤਨਿ ਜਾਗੇ** ॥ ਕੀ ਕਿਉਂ ਤੇ ਕਿਵੇਂ, ਸਿੱਖੀ ਵਿਚ ਨਹੀ। ਸਤਿਗੁਰੂ ਦੇ ਘਰ ਕਿਸੇ ਚੀਜ਼ ਦਾ ਘਾਟਾ ਨਹੀ। **ਤਿਥੈ ਤੂ ਸਮਰਥੁ ਜਿਥੈ ਕੋਇ ਨਾਹਿ**॥ ਸਤਿਗੁਰੂ ਦੇ ਘਰ ਦਾ ਸੌਦਾ ਬਹੁਤ ਸਸਤਾ...। ਆਟੇ ਵਿਚ ਪਾਣੀ ਘੋਲ ਕੇ...; ਅਸਲੀ ਦੁਧ ਦਾ ਸੁਆਦ। **ਰਾਰਾ ਰਸੁ ਨਿਰਸ ਕਰਿ ਜਾਨਿਆ ॥ ਹੋਇ ਨਿਰਸ ਸੁ ਰਸੁ ਪਹਿਚਾਨਿਆ** ॥

ਸ੍ਰੀ ਭੈਣੀ ਸਾਹਿਬ ਆਕੇ ਪਤਾ ਲਗੂਗਾ ਕਿ ਪਾਠ ਕਿਸ ਤਰਾਂ ਕਰਨਾ ਹੈ। ਰਾਹ ਤੋਂ ਲਾਂਭੇ ਨਾ ਹੋਵੋ। ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਬਚਨ- ਮਾਇਆ ਲਿਸ਼ਕ ਮਾਰਦੀ ਹੈ। ਦਿੱਲੀ ਵਿਚ ਇਕ ਸ਼ਾਦੀ ਹੋਈ; ਰਿਸ਼ਤਾ ਗਲਤ ਪਾਸੇ ਕੀਤਾ। ਬੰਕੋਕ ਵਿਚ ਵਿਆਹ ਦੀ ਮਨਾਹੀ।

੩੧ ੧:੦੬

੧੮-੫-੭੬ ਕਥਾ

ਗੁਰੂ ਅਮਰਦਾਸ ਦੀ ਕਥਾ। ਸਿੱਖੀ ਕਿਸ ਤਰਾਂ ਪ੍ਰਾਪਤ ਹੁੰਦੀ ਹੈ। ਸਤਿਗੁਰੂ ਜੀ ਲੰਗਰ ਵਿਚ ਗਏ; ਦਲੀਆ ਲੂਣ ਤੋਂ ਬਗੈਰ ਛੱਕ ਕੇ ਆ ਗਏ...। ਜਿਸ ਤੇ ਕ੍ਰਿਪਾ ਹੋਵੇ ਉਸਨੂੰ ਪਤਾ ਲਗਦਾ ਹੈ ਕਿ ਸਤਿਗੁਰੂ ਸਰਬ ਵਿਆਪਕ ਹੈ। ਜੋ ਕੁਝ ਉਸ ਵੇਲੇ ਹੋਵੇ ਉਸ ਨਾਲ ਕੰਮ ਸਾਰ ਲਵੇ...। ਅਨੰਦ ਵਿਚ ਰਵੇ। ਸੰਗਤ ਦੇ ਲੰਗਰ ਵਿਚ ਖੀਰ ਤੇ ਅਨੇਕ ਤਰਾਂ ਦੇ ਖਾਣੇ ਬਨਾਏ...। ਸਿੱਖਾਂ ਨੂੰ ਇਹ ਲੰਗਰ ਸੁਆਦ ਨਹੀ ਲਗਦਾ ਜਿਸ ਤਰਾਂ ਆਪ (ਗੁਰੂ ਅਮਰ ਦਾਸ ਜੀ) ਦਲੀਆ ਛਕਦੇ ਹਨ। ਰਾਜਸਥਾਨ ਤੋਂ ਗਊਆਂ ਲਿਆਂਦੀਆਂ; ਮੁਸਲਮਾਨਾਂ ਨੇ ਬੜੀਆਂ ਪਿਆਰ ਨਾਲ ਸਾਂਭੀਆਂ; ਜੇ ਇਸ ਪਾਸੇ ਲਗੋ ਤਾਂ ਰਬ ਵੀ ਮਗਰ ਫਿਰਦਾ ਹੈ। ਬਾਬਾ ਬੁੱਢਾ ਜੀ ਨੂੰ ਦੂਸਰਾ ਲੰਗਰ ਅਪਣੇ ਮੁੱਖ ਵਿਚੋਂ ਦਿਖਾ ਦਿੱਤਾ। **ਮੁਸਨਹਾਰ ਪੰਚ ਬਟਵਾਰੇ ॥ ਸੂਨੇ ਨਗਰਿ ਪਰੇ ਠਗਹਾਰੇ ॥ ਕਾਮ ਕ੍ਰੋਧ ਲੋਭ ਝੂਠ ਨਿੰਦਾ ਇਨ ਤੇ ਆਪਿ ਛਡਾਵਹੁ ॥ ਇਹ ਭੀਤਰ ਤੇ ਇਨ ਕਉ ਡਾਰਹੁ ਆਪਨ ਨਿਕਟਿ ਬੁਲਾਵਹੁ** ॥ ਗੁਰੂ ਅਮਰ ਦਾਸ ਜੀ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਕੇ ਰੇਤਾ ਨਾਲ ਹਥ ਮਾਂਜਦੇ ਹਨ। ਮੈਲ ਤੋਂ ਰਹਿਤ ਸਿਰਫ ਚਿੱਟਾ ਕਪੜਾ ਹੀ ਹੈ; ਉਹ ਨਿਰਮਲ ਬਸਤਰ ਸਤਿਗੁਰੂ ਜੀ ਨੇ ਪਹਿਰੇ; ਨਿਜ ਸਰੂਪ ਵਿਚ ਲੀਨ ਹੁੰਦੇ ਹਨ; ਹਰ ਸਰੀਰ ਵਿਚ ਅੰਮ੍ਰਿਤ ਹੈ; **ਗੁਹਜ ਰਤਨ ਵਿਚਿ ਲੁਕਿ ਰਹੇ ਕੋਈ ਗੁਰਮੁਖਿ ਸੇਵਕੁ ਕਢੈ ਖੋਤਿ** ॥ ਬੀਬੀ ਭਾਨੀ ਨੇ ਚੌਕੀ ਹੇਠਾ ਅਪਣਾ ਹੱਥ ਧਰ ਦਿੱਤਾ; ਪ੍ਰਸੰਨ ਹੋ ਕੇ ਅਸ਼ੀਰਵਾਦ ਦਿਤਾ...। ਦੂਜ ਦੇ ਚੰਦਰਮਾਂ ਵਾਂਗ ਹਮੇਸ਼ਾ ਵਧੇਗਾ; ਮਹਾਬਲੀ ਹੋਣਗੇ ਤੇਰੇ ਪਰਵਾਰ ਵਿਚ...।

ਕਿਸ ਦਾ ਸਾਹ ਪਹਿਲੇ ਨਿਕਲ ਜਾਣਾ ਹੈ, ਕੋਈ ਪਤਾ ਨਹੀ। ਰੰਗਦਾਰ ਕਪੜੇ ਛਡੋ; ਨੀਲੇ ਰੰਗ ਨਾਲ ਮਤ ਮਾਰੀ ਜਾਂਦੀ ਹੈ; ਪਗਾਂ ਵਿਚੋਂ ਨੀਲਾ ਰੰਗ ਕਢ ਦਿਉ; ਮਾਈਆਂ ਦੋ ਗੁਤਾਂ ਨਾ ਕਰਨ; ਭਰਵੱਟੇ ਨ ਕਟਣ। ਪਾਠੀ ਅਪਣੇ ਪਾਠ ਸ਼ੁਧ ਕਰਾਉਣ; ਬੇਮਰਯਾਦਾ ਅਖੰਡ ਪਾਠ ਨਾਲੋਂ ਸਧਾਰਨ ਪਾਠ ਕਰ ਲੈਣਾ ਚਾਹੀਦਾ ਹੈ। ਵਿਆਹ ਦੀ ਤਿਆਰੀ ਕਰਕੇ ਫੇਰ ਸਾਨੂੰ ਦਸਦੇ ਹਨ; ਤਕਲੀਫ ਹੁੰਦੀ ਹੈ ਗਲਤ ਚੀਜ ਸੁਨ ਕੇ; ਨਾਮਧਾਰੀ ਬਣ ਜਾਉ। ਪਿੰਡ ਦੀ ਅਬਾਦੀ ੩੦੦੦ ਤੇ ਆਸਾ ਦੀ ਵਾਰ ਦੀ ਗਿਨਤੀ ਕਿੰਨੀ ਹੈ; ਨਾਮ ਸਿਮਰਨ ਹੁੰਦਾ ਹੈ ਇਥੇ। **ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ** ॥ ਲੁਕਮਾਨ ਹਕੀਮ ਦਾ ਪੁੱਤਰ...। ਸਰਸੇ ਵਿਚ ਹੋਲਾ ਹੋਣਾ ਹੈ; ਆਸਾ ਦੀ ਵਾਰ ਰੋਜ ਲਗੇ। ਗਲਤ ਵਿਆਹ ਨਾ ਕਰੋ; ਚੌਥਾ ਨਾ ਕਰੋ। । ਪਾਠੀ ਅਪਣੇ ਪਾਠ ਸ਼ੁਧ ਕਰਾਉਣ। **ਕਬੀਰ ਕੇਸੋ ਕੇਸੋ ਕੂਕੀਐ ਨ ਸੋਈਐ ਅਸਾਰ ॥ ਰਾਤਿ ਦਿਵਸ ਕੇ ਕੂਕਨੇ ਕਬਹੂ ਕੇ ਸੁਨੈ ਪੁਕਾਰ** ॥ ਪਹਿਰਾਵੇ ਠੀਕ ਹੋਣ ਹੋਲੇ ਵਿਚ। ਗੁਰਮੁਖ ਸਿੰਘ ਪੱਥਰਾਂ ਵਾਲਾ। ਸਾਧ ਸੰਗਤ ਵਾਲੀ ਗਲ ਦਾ ਯਤਨ ਕਰੋ। ਚਰਨ ਪਾਉਣ ਵਾਸਤੇ ਕੁਝ ਜਰੂਰੀ ਬਚਨ...।

੩੨ ੧:੧੩

੨੨-੯-੬੮ ਕਥਾ ਸ੍ਰੀ ਭੈਣੀ ਸਾਹਿਬ

ਜਿਹੜੇ ਸ੍ਰਿਸ਼ਟੀ ਦੇ ਕਰਨ ਹਾਰ ਹਨ...। ਸ੍ਰੀ ਗੁਰੂ ਹਰਿਗੋਬਿੰਦ ਦਾ ਨਾਮ ਲੈਣ ਤੇ ਮਨ ਦੇ ਬੁਰੇ ਅਸਰ ਦੂਰ ਹੁੰਦੇ ਹਨ। ਦੌਲੇ ਸ਼ਾਹ ਫਕੀਰ; ਭਾਈ ਗੜੀਆ...। ਇਕ ਘਾਹੀ ਦਰਸ਼ਨ ਕਰਨ ਗਿਆ; ਬਾਦਸ਼ਾਹ ਦੇ ਤੰਬੂ; ਫੇਰ ਗੁਰੂ ਹਰਿਗੋਬਿੰਦ ਦੇ ਤੰਬੂ...। ਦੋ ਤਲਵਾਰਾਂ ਮੀਰੀ ਤੇ ਪੀਰੀ ਦੀ। ਸੰਤ ਹਰਮੀਤ ਸਿੰਘ ਦੀ ਕਥਾ ਸਨਾਉਦੇ ਹਨ ਤੇ ਭਾਈ ਧਿਆਨ ਸਿੰਘ ਨੇ ਇਹ ਕੌਤਕ ਲਿਖਣੇ ਸ਼ੁਰੂ ਕੀਤੇ। ਘੋੜਿਆਂ ਦੀਆਂ ਕਾਠੀਆਂ ਬਦਲੀਆਂ...। (ਇਕ ਫਕੀਰ ਨੇ ਦੋ ਪੈਸੇ ਬਾਦਸ਼ਾਹ ਨੂੰ ਦਿੱਤੇ...) ਸਤਿਗੁਰੂ ਰਾਮ ਸਿੰਘ ਜੀ ਦੀ ਉਸਤਤ...। **ਗੁਰੁ ਪਰਮੇਸਰੁ ਏਕੋ ਜਾਣੁ** ॥ (ਤਾਨਸੇਨ ਦਰਿਆ ਦੇ ਕੰਡੇ; ਕ੍ਰਿਪਾਨ ਤੇ ਬੂੰਦਾਂ ਜਿਨਾ ਸੰਗੀਤ ਆਉਦਾ ਹੈ) ਸ਼ੇਰਗੜ ਡੇਰਾ ਕੀਤਾ; ਮੇਲਾ ਲਗਿਆ ੭ ਦਿਨ;ਨਾਮਧਾਰੀ ਸਿੰਘਾਂ ਦੀ ਇਕ ਸਰਬ ਲੋਹ ਦੇ ਸਮਾਨ ਦੀ

ਦੁਕਾਨ...। (ਸਤਿਗੁਰੂ ਹਰੀ ਸਿੰਘ ਜੀ- ਇਕੋ ਨੂੰ ਵਸ ਕਰ ਲਿਆ, ਸਾਰੇ ਵਸ ਆ ਜਾਂਦੇ ਹਨ; ਸੰਤ ਜਮੀਤ ਸਿੰਘ ਨਾਲ ਬਚਨ; ਸੰਤ ਕਰਮ ਸਿੰਘ ਹਿੰਮਤਪੁਰ ਵਾਲੇ; ਗੰਨੇ ਦੇ ਖੇਤ ਵਿਚ ਘੁੰਮੇ; ਸੰਤ ਜਵਾਹਰ ਸਿੰਘ ਦਾ ਭਜਨ; ਨੀਂਦ ਨੂੰ ਜਿਤਿਆ; ਸ੍ਰੀ ਭੈਣੀ ਸਾਹਿਬ ਦੇ ਪੁਰਾਣੇ ਸਾਧੂ; ੧੨ ਵਜੇ ਤਕ ਸਤਿਗੁਰਾਂ ਦੀਆਂ ਕਥਾ...; ਰਸਨਾ ਹਿਲਾ ਕੇ ਭਜਨ ਕਰੋ) ਇਕ ਲੜਕਾ ਅੱਗ ਵਿਚ ਨਹੀ ਸੜਿਆ; ਸੰਤ ਹਰਮੀਤ ਸਿੰਘ ਪੁਛਿਆ ਕਿ ਤੁਸੀ ਕੌਣ ਹੋ? ਅਸੀ ਨਾਮਧਾਰੀ ਸਿੰਘ ਹਾਂ (ਅੰਮ੍ਰਿਤਸਰ ਹੋਲੇ ਸਮੇਂ ਪੁਛਿਆ- ਪਿੰਡ ਸ੍ਰੀ ਭੈਣੀ ਸਾਹਿਬ ਤੇ ਪਿਤਾ ਸਤਿਗੁਰੂ ਰਾਮ ਸਿੰਘ ਜੀ) ਹਰਮੀਤ ਸਿੰਘ ਪਤਾ ਕਰਕੇ ਸ੍ਰੀ ਭੈਣੀ ਸਾਹਿਬ ਆਏ। ਰਸਤੇ ਵਿਚ ੧੪੦੦ ਦੀ ਖੰਡ ਲਈ ਬੰਗੇ ਕੋਲ; ਘੋੜੇ ਵਾਲੇ ਹਰਮੀਤ ਸਿੰਘ ਨੂੰ ਸ੍ਰੀ ਭੈਣੀ ਸਾਹਿਬ ਪੁਚਾ ਦਿਤਾ। ਸਤਿਗੁਰੂ ਦਾ ਦਰਸ਼ਨ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਜੀ ਦੇ ਰੂਪ ਵਿਚ; ਅਦਭੁੱਤ ਦਰਸ਼ਨ...।

੩੩ ੧:੦੧

੨੪-੯-੬੮ ਕਥਾ ਸ੍ਰੀ ਭੈਣੀ ਸਾਹਿਬ

ਹਰਮੀਤ ਸਿੰਘ ਦੀ ਕਥਾ; ਸ੍ਰੀ ਭੈਣੀ ਸਾਹਿਬ ਦਾ ਅਦਭੁੱਤ ਨਜਾਰਾ; ਸ਼ਬਦ, ਬਾਣੀ ਤੇ ਨਾਮ ਵਲ ਧਿਆਨ। (ਇਕ ਸਿੱਖ ਮੱਕੀ ਵੱਡ ਕੇ ਸ੍ਰੀ ਭੈਣੀ ਸਾਹਿਬ ਆਏ...) ਸੇਵਾ ਕਰਦੇ ਹਨ; ਜਲ ਦੀ, ਲੰਗਰ ਦੀ, ਦੇਗ ਦੀ, ਪੱਖੇ ਦੀ, ਕੋਈ ਪਕਾਉਂਦਾ ਹੈ ਤੇ ਕੋਈ ਵਰਤਾਓਂਦਾ ਹੈ। ਸਤਿਗੁਰੂ ਰਾਮ ਸਿੰਘ ਜੀ ਦਾ ਦੀਵਾਨ; ਦੇਵਪੁਰੀ ਵਿਚ ਜਿਦਾਂ ਇੰਦਰ...। ਸੰਗਤਾਂ ਮਥਾ ਟੇਕਦੀਆਂ ਹਨ, ਦੀਵਾਨ ਦਾ ਰੰਗ ਲਗਾ ਹੈ, ਦਸਵੇਂ ਗੁਰੂ ਦੀ ਰੀਤ ਅਪਨਾਈ; ਅੰਮ੍ਰਿਤ, ਕਕਾਰ...। (ਪਿਤਾ ਖੜਕ ਸਿੰਘ ਪੁਤਰ ਠਾਕੁਰ ਸਿੰਘ ਨੂੰ ਕਹਿੰਦਾ ਕਿ ੮ਵੇਂ ਦਿਨ ਨੂੰ ਚੜਾਈ ਕਰ ਜਾਨਾ...) (ਹਰੀ ਬਾਬਾ ਜੀ; ਜਿਸ ਤਰਾਂ ਦਾ ਹੁਣ ਮੇਰਾ ਮਨ ਬਨਿਆ ਹੈ...) ਅਨਹਦ ਬਾਜੇ, ਬੈਕੁੰਠ ਇਹ ਹੀ ਹੈ...। ੧੯੧੮ ਬਿਕਰਮੀ ਤੋਂ ਲੰਗਰ...। ਹਰਮੀਤ ਸਿੰਘ ਬੇਨਤੀ ਕੀਤੀ ਨਾਮ ਦੀ ਦਾਤ ਬਖਸ਼ੋ; ਰਾਤ ਨੂੰ ਨਾਮ ਮਿਲੇਗਾ। **ਤਿਸ ਦਾ ਦੀਆ ਸਭਨੀ ਲੀਆ ।** ਨਾਮ ਦੀ ਦਾਤ ਬਖਸ਼ੀ ਤੇ ਵਿਧੀ ਸਮਝਾਈ। ਬਿਨਾਂ ਬੁਲਾਏ ਇਥੋਂ ਨਹੀ ਉਠਣਾ...। ਬਾਬਾ ਬੁੱਢਾ ਸਿੰਘ ਜੀ; ਭਾਈ ਰਾਇ ਸਿੰਘ ਨੂੰ ਜਾ ਕੇ ਦਰਸ਼ਨ ਦਿੱਤਾ।

ਇਕ ਗਰੀਬ ਸਿੰਘ ਯੂਪੀ ਵਿਚ ਉਧਾਰ ਪੈਸੇ ਚੁੱਕ ਕੇ ਅਖੰਡ ਪਾਠ ਕਰਾਏ ਤੇ ਦੀਵਾਨ ਲਗਵਾਏ...। ਜਥੇਦਾਰ ਤੇ ਪਾਠੀ ਪੈਸੇ ਨ ਮੰਗਣ। ਬਾਬਾ ਫਰੀਦ ਦਾ ਜਥਾ; ਮੇਰੇ ਕੋਲ ਅਉਣ। ਪਾਠੀ, ਧੂਪੀਏ ਤੇ ਜਥੇਦਾਰ ਬਿਲਕੁਲ ਪੈਸੇ ਨਾ ਲਉ। ਬਾਬਾ ਕਿਸ਼ਨ ਸਿੰਘ ਛੂਤੀਆ ਸਾਰੇ ਘਰ ਦੇ ਬੰਦਿਆ ਨੂੰ ਨਾਮ ਸਿਮਰਨ ਕਰਾਉਂਦੇ ਸਨ। ਠੇਕੇ ਤੇ ਪਾਠ ਕਰਦੇ ਹਨ; ਕਈ ਖੁੱਲੇ ਜੱਥੇ ਦੇ ਨਾਲ ਵੀ...। ਸਿਰਫ ਪ੍ਰਸ਼ਾਦਾ ਛਕਦੇ ਸਨ...। ਮਰਯਾਦਾ ਰਖੋ, ਸੋਧੀ ਬਣੋ, ਕਰੋਧੀ ਨਾ ਬਣੋ।

੩੪ ੧:੦੦

੨੬-੯-੬੮ ਕਥਾ ਸ੍ਰੀ ਭੈਣੀ ਸਾਹਿਬ

ਸਤਿਗੁਰ ਬਿਲਾਸ ਕਥਾ; ਸੰਤ ਹਰਮੀਤ ਸਿੰਘ ਨੂੰ ਪ੍ਰੇਮ ਲਗਾ। ਸਤਿਗੁਰੂ ਦੀ ਕਿਰਪਾ ਹੈ ਕਿ ਆਪ ਹੀ ਕਿਸੇ ਤੋਂ ਕਰਵਾਈ ਤੇ ਕਥਾ ਲਿਖਵਾਈ; ਹੋਰ ਕਿੰਨੇ ਭਗਤ ਨੇ, ਪਰ ਸਾਨੂੰ ਨਹੀ ਪਤਾ। ਅਕਾਲ ਪੁਰਖ ਸਤਿਗੁਰੂ ਨੂੰ ਸਭ ਚੀਜ਼ ਦਾ ਗਿਆਨ। ਸਤਿਗੁਰੂ ਸਾਰੇ ਕਾਰਨਾਂ ਨੂੰ ਕਰਨ ਵਾਲੇ ਹਨ; **ਨਾਰਾਇਨ ਨਰਪਤਿ ਨਮਸਕਾਰੈ ॥ ਐਸੇ ਗੁਰ ਕਉ ਬਲਿ ਬਲਿ ਜਾਈਐ ਆਪਿ ਮੁਕਤੁ ਮੋਹਿ ਤਾਰੈ** ॥ ਅਕਾਲ ਪੁਰਖ ਦੀ ਸ੍ਰਿਸ਼ਟੀ ਵਿਚ ਮਨੁਖ; ਪਰ ਸਕਲ ਵਖ ਵਖ। ਸ੍ਰੀ ਭੈਣੀ ਸਾਹਿਬ ਸੇਵਾ ਦਾ ਵੇਰਵਾ; ਲੰਗਰ ਦੀ ਸੇਵਾ; ਘੋੜਿਆਂ ਦੀ ਸੇਵਾ; ਲੰਗਰ ਤਿਆਰ

ਹੋਇਆ ਤੇ ਸਾਧ ਸੰਗਤ ਛਕਣ ਲਗੀ; ਬਦਲਾਂ ਦੀ ਘਟਾ ਆਈ; ਬਰਖਾ ਜੋਰ ਨਾਲ ਹੋਈ; ਹਰਮੀਤ ਸਿੰਘ ਨੂੰ ਖੰਡ ਦੀ ਚਿੰਤਾ (ਇਕ ਸਿੰਘ ਖੰਡ ਲੈਕੇ ਆਇਆ; ਸਤਿਗੁਰੂ ਵਲੋਂ ਖੁਸ਼ੀਆਂ; ਖੁਸ਼ੀਆਂ ਵੇਚ ਦਿਤੀਆਂ; ਫੇਰ ਅੱਧੀਆਂ ਕੀਤੀਆਂ...) ਅਰਜ ਕੀਤੀ ਸਤਿਗੁਰੂ ਰਾਮ ਸਿੰਘ ਜੀ ਕੋਲ; ਵਾਪਸ ਜਾਣ ਵਾਸਤੇ ਆਗਿਆ ਮੰਗੀ (ਪਾਂਡਵਾਂ ਦਾ ਜਗ; ਬਾਲਮੀਕ ਨਹੀ ਆਇਆ...) ਸਤਿਗੁਰੂ ਦੇ ਹੁਕਮ ਅਨੁਸਾਰ; ਸਤਿਗੁਰੂ ਸਹਾਇਤਾ ਕਰਦਾ ਹੈ; ਭਾਈ ਰਾਇ ਸਿੰਘ, ਹਨੂਮਾਨ ਪਹਾੜ ਲੈ ਆਇਆ, ਭਾਈ ਪੈੜਾ...। ਸਤਿਗੁਰੂ ਜੀ ਬਖਸ਼ਿਸ ਕੀਤੀ ਪਰ ਫੇਰ ਵੀ ਹਰਮੀਤ ਸਿੰਘ ਦਾ ਮਨ ਖੰਡ ਵਿਚ ਹੈ। **ਜਿਸੁ ਤੂੰ ਦੇਹਿ ਤਿਸੈ ਕਿਆ ਚਾਰਾ** ॥ (ਸਾਡੀ ਮਰਯਾਦਾ ਬਹੁਤ ਘਟ ਗਈ ਹੈ; ੧ ਘੰਟਾ ਨਾਮ ਸਿਮਰਨ ਜਰੂਰ ਕਰੋ)

ਘਰ ਬਨਾਉਦੇ ਹੋ ਪਰ ਜੀਆਂ ਬਾਝ ਸੁੰਨਾ ਸੁੰਨਾ ਹੈ; ਇਸੇ ਤਰਾਂ ਇਹ ਥਾਂ ਨਹੀ ਸੁੰਨਾ ਲਗਦਾ। ਇਸ ਪਿੰਡ ਦਾ ਇਤਹਾਸ ਜਿੰਦਾ ਰਖੋ; ਜੋ ਸਾਡੇ ਮੱਥੇ ਲਿਖਿਆ ਉਹ ਹਰ ਹਾਲਤ ਵਿਚ ਮਿਲ ਜਾਣਾ ਹੈ। ਮਰਯਾਦਾ ਰਖੋ; ਨਾਮ ਸਿਮਰਨ ਕਰੋ; ਹਫਤੇ ਪਿਛੋਂ ਸਾਧ ਸੰਗਤ ਵਿਚ ਨਿਤਨੇਮ ਹੋਵੇ...। ਭਾਈਆਂ ਨੂੰ ਤੇ ਮਾਈਆਂ ਨੂੰ ਪੁਛਿਆ ਕਿ ਕਿਸ ਕਿਸ ਨੇ ਹਫਤੇ ਪਿਛੋਂ ਇਕੱਠੇ ਹੋਣਾ ਹੈ।

੩੫ ੧:00

੨੭-੯-੬੮ ਕਥਾ ਸ੍ਰੀ ਭੈਣੀ ਸਾਹਿਬ

ਸਤਿਗੁਰੂ ਰਾਮ ਸਿੰਘ ਜੀ ਨੇ ਹਰਮੀਤ ਸਿੰਘ ਨੂੰ ਕਿਹਾ ਖੰਡ ਦੀ ਚਿੰਤਾ ਨਾ ਕਰ; ਪਰ ਫੇਰ ਵੀ ਹਰਮੀਤ ਸਿੰਘ ਆਗਿਆ ਲੈਕੇ ਚਲਾ ਗਿਆ; ਰਸਤੇ ਵਿਚ ਇਕ ਅਜੀਬ ਸਿੱਖ ਮਿਲਿਆ... (ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤਾ; ਲੁਧਿਆਣੇ; ਸੁਵੇਰੇ; ਬਿਗਲ ਵਾਲਾ ਡਾਕ ਦਾ ਟਾਂਗਾ...) **ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ ॥ ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ** ॥ ਸਿੱਖ ਨੇ ਹਰਮੀਤ ਸਿੰਘ ਦਾ ਪ੍ਰਸੰਗ ਸੁਣ ਕੇ ਕਿਹਾ ਕਿ ਜੇ ੧੪00 ਦੀ ਖੰਡ ਜਾਵੇਗੀ ਤਾਂ ੨੮00 ਦਾ ਮੇਰਾ ਜਿੰਮਾ...। **ਜਿਸੁ ਨਾਮੁ ਰਿਦੈ ਸੋਈ ਵਡ ਰਾਜਾ ॥ ਜਿਸੁ ਨਾਮੁ ਰਿਦੈ ਤਿਸੁ ਪੂਰੇ ਕਾਜਾ ॥ ਮਾਨਸ ਕੀ ਕਹੁ ਕੇਤਕ ਬਾਤ ॥ ਜਮ ਤੇ ਰਾਖੈ ਦੇ ਕਰਿ ਹਾਥ** ॥ ਸਤਿਗੁਰੂ ਤੇ ਭਰੋਸਾ ਰਖ...। (ਜੱਟ ਨੇ ਭਤੀਜੇ ਨੂੰ ਮਾਰਨ ਦਾ ਇਰਾਦਾ; ਚੂੜੇ ਨੂੰ ਸੱਪ ਨੇ ਫੜ ਲਿਆ; ਸੱਪ ਨੇ ਡੰਗ ਨਹੀ ਮਾਰਿਆ...) ਉਥੇ ਮਦਦ ਕਰਦਾ ਹੈ ਜਿਥੇ ਕੋਈ ਬੇਲੀ ਨਹੀ। (ਪੰਜਾ ਸਾਹਿਬ; ਮਾਈ ਦਾ ਬੱਚਾ; ਟਾਂਗੇ ਤੇ ਸਵਾਰ; ਟਾਂਗੇ ਵਾਲੇ ਮਾਰਨ ਦੀ ਕੋਸ਼ਿਸ ਕੀਤੀ; ਸੱਪ ਨੇ ਡੰਗ ਮਾਰਿਆ...) ਬੰਗੇ ਕੋਲ ਕੋਈ ਮੀਹ ਨਹੀ ਪਿਆ। (ਬਾਬਾ ਬੰਤਾ ਸਿੰਘ ਲਖਨਊ, ਬਾਬਾ ਲੱਖਾ ਸਿੰਘ; **ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ** ॥ ਲੋਕ ਪਰਲੋਕ ਵਿਚ ਸਤਿਗੁਰੂ ਰਖਿਆ ਕਰਦਾ ਹੈ) ਹਰਮੀਤ ਸਿੰਘ ਦੀ ਖੰਡ ਬੱਚ ਗਈ। ਹਰਮੀਤ ਸਿੰਘ ਦਾ ਚਿੱਤ ਸਤਿਗੁਰੂ ਦੇ ਚਰਨਾਂ ਨਾਲ ਲਗ ਗਿਆ। **ਚਰਨ ਕਮਲ ਸੰਗਿ ਲਾਗੀ ਡੋਰੀ ॥ ਸੁਖ ਸਾਗਰ ਕਰਿ ਪਰਮ ਗਤਿ ਮੋਰੀ** ॥ (ਪਾਰਸ ਨਾਥ ਦੀ ਕਥਾ...) ਹਰਮੀਤ ਸਿੰਘ ਦਾ ਜੀਅ ਸ੍ਰੀ ਭੈਣੀ ਸਾਹਿਬ ਆਉਣ ਨੂੰ ਕਰਦਾ ਸੀ,ਪਰ ਉਸ ਦਾ ਇਕ ਊਠ ਡਿੱਗ ਪਿਆ ਛੱਪੜ ਦੇ ਲਾਗੇ...। **ਐਸੋ ਸਹਾਈ ਹਰਿ ਕੋ ਨਾਮ** ॥ ਸਾਧਸੰਗਤਿ ਭਜੁ ਪੂਰਨ ਕਾਮ ॥ ਨਾਮ ਦੀ ਮਹਿਮਾ...। **ਨਾਮ ਤੁਲਿ ਕਛੁ ਅਵਰੁ ਨ ਹੋਇ ॥ ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ** ॥

ਮਰਯਾਦਾ ਭੁਲੀ ਜਾਂਦੀ ਹੈ...। ਇਥੇ ਵੀ ਦੁੱਖ ਅਗੇ ਵੀ ਦੁੱਖ...। ਉਜਾਗਰ ਸਿੰਘ ਦਾ ਪੁੱਤਰ ਮਲੂਕ ਸਿੰਘ ਨੂੰ ਪੁੱਛ ਲਉ...। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਤੁਹਾਨੂੰ ਜਮੀਨਾਂ ਦਿਤੀਆਂ...। ਸਾਰਿਆਂ ਦੇ ਘਰ ਬਿਜਲੀਆਂ ਲਗਣ ਤਾਂ ਮਨ ਨੂੰ ਚੈਨ...। ਗਲਤ ਪੜਾਈ ਨਾ ਪੜਣ; ਹਾਕੀ ਵਾਲੇ ਮਰਯਾਦਾ ਰਖਣ। ਇਜ਼ਰਾਇਲ ਵਾਲੇ ਯੂਗੰਡਾ ਤੋਂ ਹਵਾਈ ਜਹਾਜ ਲੈ ਆਏ...। ਪਾਠੀ ਪਾਠ ਸ਼ੁਧ ਕਰਨ; ਕੰਠ ਕਰਨ ਸਾਰਾ ਗਰੰਥ ਸਾਹਿਬ।

੩੬ ੧:੦੧

੨੯-੯-੬੮ ਕਥਾ ਸ੍ਰੀ ਭੈਣੀ ਸਾਹਿਬ

ਭਾਈ ਹਰਮੀਤ ਸਿੰਘ ਦਾ ਊਠ ਵੀ ਠੀਕ ਤੇ ਖੰਡ ਵੀ ਠੀਕ। ਸਤਿਗੁਰੂ ਜੀ ਨੇ ਸਿੱਖ ਦੀ ਰਖਿਆ ਕੀਤੀ। ਇਸੇ ਤਰਾਂ ਪਿੰਡ ਖਰੀਦਨ ਸਮੇ ਵੀ ਅਰਦਾਸ ਕੀਤੀ...। ਹਰਮੀਤ ਸਿੰਘ ਨੂੰ ਦਰਸ਼ਨ ਦੀ ਖਿੱਚ; ਧਿਆਨ ਸਤਿਗੁਰੂ ਦੇ ਚਰਨਾਂ ਵਿਚ; ੯ਵੇਂ ਧਿਆਇ ਦਾ ਅਰੰਭ; ਅਠਵੇਂ ਗੁਰੂ ਦੀ ਸੋਭਾ। ੫ ਸਿੰਘ ਸਤਿਗੁਰੂ ਰਾਮ ਸਿੰਘ ਜੀ ਨੇ ਭੇਜੇ ਊਠਾਂ ਵਾਸਤੇ; ਊਠ ਨਹੀ ਮਿਲਦੇ, ਫੇਰ ਅਰਦਾਸ ਕੀਤੀ ਤਾਂ ਊਠ ਮਿਲੇ।

੨੮-੯-੬੮ ਪਸ਼ੂ ਪਰਦਰਸ਼ਨੀ

ਹਰਿਆਣਾ ਨਸਲ ਦੀਆਂ ਗਊਆਂ...। ਜਿੰਨਾ ਨੂੰ ਸ਼ੌਕ ਹੈ ਇਕ ਬੰਦਾ ਜਾਨਕਾਰੀ ਦੇ ਸਕਦਾ ਹੈ ਹਰ ਸੰਗਰਾਂਦ ਨੂੰ...। ਨੋਜਵਾਨ ਸਿੰਘ ਅਗੇ ਆਉਣ। ਪ੍ਰੀਤਲੜੀ ਵਿਚ ਲੇਖ; ਜੇ ਲੰਮੀ ਉਮਰ ਜੀਣਾ ਹੈ ਤਾਂ ਮਾਸ ਨਾ ਖਾਉ। ਸਵਾ ਪਹਿਰ ਰਾਤ ਰਹਿੰਦੀ ਨਾਲ ਇਸ਼ਨਾਨ- ਮੋਤੀ ਦਾਨ। ਸੋਆ ਬੀਨ ਦਾ ਫਾਇਦਾ; ਗਊ ਦਾ ਦੁਧ ਸਭ ਤੋਂ ਵਧੀਆ; ਚਾਰਟ ਵਿਚ ਪ੍ਰੋਟੀਨ, ਫੈਟ, ਸੂਗਰ ਦਾ ਵੇਰਵਾ। ਨੁਮਾਇਸ਼ ਵਿਚ ਪੁਰਾਣੀਆਂ ਤਸਵੀਰਾਂ। ਬੈਲ ਦੀ ਫੈਕਟਰੀ ਗਊ ਹੈ...।

ਦੁਨੀਆਂ ਵਿਚੋਂ ਕੀ ਪ੍ਰਾਪਤ ਹੁੰਦਾ ਹੈ? ਪੁੱਤ੍ਰ ਹਨ ਲਵੇਰਾ ਨਹੀ; ਲਵੇਰਾ ਹੈ ਪਰ ਪੁੱਤ੍ਰ ਨਹੀ। ਸਤਿਗੁਰੂ ਰਾਮ ਸਿੰਘ ਜੀ ਨੇ ਕਿੰਨਿਆ ਨੂੰ ਜੀਵਾਇਆ ਪਰ ਅਪਣੇ ਘਰ ਸਾਹਿਬਜਾਦਾ ਹੋਇਆ ਪਰ ਨਹੀ ਰਹਿਆ। ਚੀਜ ਦੀ ਪ੍ਰਾਪਤੀ ਹੋ ਸਕਦੀ ਹੈ...। ਗੁਰਮੁੱਖ ਸਿੰਘ ਡਰਾਇਵਰ ਨੂੰ ਦਰਸ਼ਨ। ਸੇਠ ਤਰਲੋਕ ਸਿੰਘ ਦਾ ਲੜਕਾ ਸੰਤੋਖ ਸਿੰਘ ਤੇ ਇੰਕਮ ਟੈਕਸ ਦਾ ਕੇਸ...। ਅਰਦਾਸ ਦੀਆਂ ਸ਼ਰਤਾਂ ਵੀ ਪੂਰੀਆਂ ਹੋਣ; ਜਥੇਦਾਰ ਫੋਜਾ ਸਿੰਘ...। ਅੱਖਾਂ ਨੂੰ ਖਿੱਚ ਕਰਨ ਵਾਲੇ ਕਪੜੇ ਨਾ ਪਾਉ; ਸਾਧ ਸੰਗਤ ਵਿਚ ਸਾਧ ਸੰਗਤ ਦੇ ਰੂਪ ਵਿਚ ਆਉ। ਚਾਰ ਰਾਨੀਆਂ ਵਿਚ ਹੋਲੇ ਦਾ ਪ੍ਰਬੰਧ ਕਰੋ; ਤਿਖੇ ਰੰਗ; ਗਲਤ ਕੱਪੜੇ ਵਾਲੇ ਦੀਵਾਨ ਵਿਚ ਨਾ ਆਉਣ ਦਿਉ। ਥੋੜੇ ਰਹਿ ਜਾਣ ਪਰ ਵਧੀਆ ਹੋਣ; ਕਿਸੇ ਦੇ ਮਨ ਵਿਚ ਈਰਖਾ ਨਾ ਹੋਵੇ; ਜਿਗਰਾ ਸਿੰਘ ...। ਸਾਡਾ ਜੋਰ ਜਨਮ ਮਰਨ ਦੇ ਗੇੜ ਤੋਂ ਬਾਹਰ ਨਿਕਲਣ ਦਾ ਹੋਣਾ ਚਾਹੀਦਾ ਹੈ। ਮਰਨ ਦਾ ਦੁਖ; ੧੦੦੦੦ ਬਿੱਛੂ ਲੜੇ; ਕੰਡਿਆਂ ਵਾਲੀ ਝਾੜੀ ਜੰਗਲ ਦੇ ਰਸਤੇ...। ਸਾਧ ਸੰਗਤ ਵਿਚ ਤਨ ਮਨ ਧਨ ਲਗੇ। ਸੰਤ ਵਰਿਆਮ ਸਿੰਘ ਸੰਤ ਆਲਾ ਸਿੰਘ ਤਿਆਰ ਹੋਏ ਸਤਿਗੁਰੂ ਰਾਮ ਸਿੰਘ ਜੀ ਦਾ ਦਰਸ਼ਨ ਵਾਸਤੇ; ਮਰ ਜਾਨਾ ਜੇ ਦਰਸ਼ਨ ਨਾ ਹੋਏ...। ਇਕ ਸਿੱਖ ਦੀ ਅਰਜ; ੨੦ ਦਿਨ ਹੋਏ ਨਾਮ ਸਿਮਰਨ ਨਹੀ ਹੁੰਦਾ। ... **ਦਾਸੁ ਕਮੀਰੁ ਚੜਿਓ ਗੜ੍ਹ ਊਪਰਿ ਰਾਜੁ ਲੀਓ ਅਬਿਨਾਸੀ ॥ ਉਦਮੁ ਕਰਿ ਹਰਿ ਜਾਪਣਾ ਵਡਭਾਗੀ ਧਨੁ ਖਾਟਿ ॥ ਸੰਤਸੰਗਿ ਹਰਿ ਸਿਮਰਣਾ ਮਲੁ ਜਨਮ ਜਨਮ ਕੀ ਕਾਟਿ** ॥ ਇਕ ਘੰਟਾ ਨਾਮ ਸਿਮਰਨ ਕਰੋ, ਪੈਰ ਧੋਕੇ ਕੀਰਤਨ ਸੋਹਿਲਾ ਦਾ ਪਾਠ ਕਰੋ; ਕੋਟ ਹੋ ਜਾਂਦਾ ਹੈ।

੩੭ ੧:੦੨

ਕਥਾ ਸਤਿਗੁਰੂ ਹਰੀ ਸਿੰਘ ਜੀ ਦਾ ਪ੍ਰਸੰਗ

ਇਲਾਹੀ ਬਾਣੀ ਦਾ ਕੀਰਤਨ ਸਰਵਨ ਕੀਤਾ ਹੈ। ਕਥਾ ਧਿਆਨ ਸਿੰਘ ਦਾ ਜੀਵਨ ਇਸੇ ਗਰੰਥ ਵਿਚ ਲਿਖੀ ਹੈ। ਸਤਿਗੁਰੂ ਪਾਸੇ ਲਗੇ; ਬੀਮਾਰੀ ਦਾ ਇਲਾਜ ਹੋਇਆ ਫੇਰ ਇਹ ਗਰੰਥ ਲਿਖਿਆ। ਗੁਰੁ ਤੇਗ ਬਹਾਦਰ ਜਦੋਂ ਦਿੱਲੀ ਵਿਚ ਸ਼ਹਾਦਤ ਦਿਤੀ ਤਾਂ ਪੁਛਿਆ ਤੁਹਾਡਾ ਨਾਮ ਤੇਗ ਬਹਾਦਰ ਕਿਉਂ ਹੈ...। ਭਾਈ ਤਾਰੂ

ਸਿੰਘ...। ਹਾਜਰ ਗੈਰ ਹਾਜਰ; ਗੈਰ ਹਾਜਰ ਹਾਜਰ...। **ਆਵਧ ਕਟਿਓ ਨ ਜਾਤ ਪ੍ਰੇਮ ਰਸ ਚਰਨ ਕਮਲ ਸੰਗਿ** ॥ ਮਲੇਰ ਕੋਟਲੇ; ਤੋਪ ਪਲੀਤਾ ਚੱਟ ਗਈ ੩ ਵਾਰੀ...। ਸਤਿਗੁਰੂ ਹਰੀ ਸਿੰਘ ਜੀ ਨੀਵੀਂ ਗਰਦਨ ਰਖੀ...। ਮਾਤਾ ਜੀਵਨ ਕੌਰ ਨੇ ਦੁਸ਼ਮਨਾਂ ਦੇ ਘਰ ਰਸਦ ਪੰਹੁਚਾਈ...। ਅੰਨ ਦਾ ਦਾਨ ਸਭ ਤੋਂ ਵੱਡਾ ਦਾਨ। ਸ੍ਰੀ ਭੈਣੀ ਸਾਹਿਬ ਵਿਚ ਸਦਾ ਵਰਤ ੧੯੧੮ ਬਿਕਰਮੀ ਤੋਂ; ੧੦੬ ਸਾਲ ਹੋ ਗਏ ਹਨ। ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮਨਾਮਾ; ਬੁੱਧ ਸਿੰਘ ਤੋਂ ਹਰੀ ਸਿੰਘ; ਮੇਰੇ ਧੱਕੇ ਨੂੰ ਇਹ ਬਖਸ਼ ਦਏਗਾ...। ਦਾਲਾ ਕਰੜਾ ਤੇ ਪ੍ਰਸ਼ਾਦਾ ਮੋਟਾ...। ਕਾਲ ਵਿਚ ਸ੍ਰੀ ਭੈਣੀ ਸਾਹਿਬ ਬਾਗੜੀਏ ਆਏ; ਡੀਸੀ ਆਇਆ; ੪੦੦੦ ਦੀ ਪੰਗਤ; ੧੦ ਮੁਰੱਬੇ ਪੇਸ਼ ਕੀਤੇ; ਸਤਿਗੁਰੂ ਹਰੀ ਸਿੰਘ ਜੀ ਕਿਹਾ ਕਿ ਸਾਰਾ ਹਿੰਦੁਸਤਾਨ ਸਾਡਾ ਹੈ...। ਰਾਜੇ ਦੇ ਦਰਬਾਰ ਵਿਚ ਪ੍ਰਸ਼ਨ; ਕਿਹੜਾ ਚਿੱਕੜ ਹੈ ਜਿਸ ਵਿਚੋਂ ਨਹੀ ਨਿਕਲ ਸਕਦੇ; ਮੁੱਖ ਪੰਡਤ; ਮੁਸਲਮਾਨ ਭੇਡਾਂ ਚਾਰਦਾ; ਖੋਪੜੀ ਵਿਚ ਝੂਠਾ ਦੁੱਧ; ਲਾਲਚ ਸਭ ਤੋਂ ਵੱਡੀ ਦਲਦਲ...। ਰਜਾ ਵਿਚ ਰਾਜੀ। ਰਾਮ ਵਿਜੋਗੀਆਂ ਦੀ ਕਥਾ...। ਸ਼ਹੀਦ ਹੀਰਾ ਸਿੰਘ ਨੇ ਗੁੱਤ ਵੱਢੀ। ਬਾਬਾ ਜਵਾਹਰ ਸਿੰਘ; ਨੀਂਦ ਨੂੰ ਜਿਤਿਆ...। **ਰਾਮ ਰਾਮ ਕਹਿੰਦਿਆਂ ਤੇਰੀ ਜਿਹਬਾ ਘਸਿ ਗਈ ਅੰਦਰ ਰਾਮ ਨਾ ਵਸਿਆ ਇਹ ਕੀ ਧਾੜ ਪਈ**। ਸੁੱਖੇ ਦਾ ਘੜਾ; ਚੂਲੀਆਂ ਕਰਦਾ; ਇਕ ਅੰਦਰ ਲੰਘਾ...।

੩੮ ੧:੦੧

ਕਥਾ ਸਤਿਗੁਰੂ ਹਰੀ ਸਿੰਘ ਜੀ ਦਾ ਪ੍ਰਸੰਗ

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥ ਬੰਦਗੀ- ਸਿਰਫ ਮਾਲਾ ਫੇਰਨ ਵਿਚ ਨਹੀ; **ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ** ॥ ਕਦੇ ਵੀ ਸਤਿਗੁਰੂ ਜੀ ਦਾ ਹੁਕਮ ਨਹੀ ਮੋੜਿਆ। ਸਤਿਗੁਰੂ ਰਾਮ ਸਿੰਘ ਜੀ ਨੂੰ ਅਰਜ ਕੀਤੀ ਕਿ ਸਾਰਾ ਦੋਸ਼ ਆਪਣੇ ਤੇ ਲੈ ਲੈਂਦਾ ਹਾਂ। ਸਤਿਗੁਰੂ ਹਰੀ ਸਿੰਘ ਜੀ ਨੇ ਕਸ਼ਟ ਸਹੇ...। ਗੁਰੂ ਗੋਬਿੰਦ ਸਿੰਘ ਜੀ; ਪੈਂਦਾ ਖਾਨ। ਰਾਜਾ ਜਨਕ ਵੱਡਾ ਭਗਤ; ਇਕ ਵਾਰੀ ਦਾ ਨਾਮ ਸਿਮਰਨ ਗਹਿਣੇ ਰਖਿਓ; ਨਰਕ ਖਾਲੀ ਹੋ ਗਏ; ਸੁਖਦੇਵ ਗਏ ਰਾਜਾ ਜਨਕ ਕੋਲ...। ਰਾਮ ਤੇ ਭਰਤ ਜੁਗੋ ਜੁਗ ਆਏ; ਆਗਿਆ ਮੰਨ ਕੇ ਸ੍ਰੀ ਭੈਣੀ ਸਾਹਿਬ ਰਹੇ। ਗੋਪੀਆਂ ਤੇ ਮਥਰਾ ਤੇ ਬਿੰਦਰਾਬਨ; ਕ੍ਰਿਸ਼ਨ ਦਾ ਵਿਯੋਗ। ਇਕ ਮਸਤਾਨਾ- ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਵਿਛੋੜਾ;ਸੱਚੇ ਪਾਤਿਸ਼ਾਹ ਜੀ ਇਸ਼ਨਾਨ ਦਾ ਵੇਲਾ ਹੋ ਗਿਆ...। ਬੁੱਧ ਸਿੰਘ ਤੋਂ ਹਰੀ ਸਿੰਘ...। ਸੰਤ ਜੀਉਣ ਸਿੰਘ ਦਾ ਪ੍ਰਮਾਨ; ਕੋਲੇ ਹੱਥ ਵਿਚ ਪਕੜੇ; ਲੋਹਾ ਅੱਗ ਵਾਲਾ ਫੱੜ ਲਵੇਂਗਾ। ਮੇਰੇ ਧੱਕੇ ਨੂੰ ਇਹ ਬਖਸ਼ ਦਏਗਾ...। ਗਰੰਥ ਸਾਹਿਬ ਪਾਠ ਕਰਨ ਵਾਸਤੇ ਹੈ; ਐਵੇਂ ਪ੍ਰਕਾਸ਼ ਨਾ ਕਰੋ; ਦੁਕਾਨਦਾਰੀ ਵਾਸਤੇ ਨਹੀ...। ਗਰੰਥ ਸਾਹਿਬ ਦੀ ਮਰਯਾਦਾ...। ਸੁਵੇਰੇ ਸਣਕੇਸ਼ੀ ਇਸ਼ਨਾਨ ਕਰਕੇ ਆਸਾ ਦੀ ਵਾਰ ਵਿਚ ਆਉ। ਭੂਰੀਆਂ ਵਾਲੇ ਸਾਧਾਂ ਵਿਚ ਜਾ ਕੇ ਬਹਿ ਗਏ...।

ਗੁਰੂ ਜਸ ਸਰਵਨ ਕੀਤਾ ਹੈ...। ਨਨਕਾਣੇ ਸਾਹਿਬ, ਵਡ ਤੀਰਥ ਜਾ ਕੇ ਗੁਰੂ ਨਾਨਕ ਦੇਵ ਜੀ ਦਾ ਦਿਨ ਮਨਾਉਂਦੇ ਹਾਂ...। **ਸਾਰਾ ਕਲਜੁਗ ਭੋਗਸੀ ਨਾਨਕ ਧਰ ਅਵਤਾਰ**। ਗੁਰਪੁਰਬ ਮਨਾਉਂਦੇ ਹੋ; ਬਸੰਤ; ਪੋਹ ਸੁਦੀ ਸਤਮੀ, ਪੂਰਨਮਾਸ਼ੀ...। ਸਿਮਰਨ ਕਰਨ ਦੀਆਂ ਸ਼ਰਤਾਂ...। ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ ॥ ਬਾਣੀ ਤੇ ਸ਼ਬਦ ਗੁਰੂ ਨਹੀ...। **ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ** ॥ ਗੁਰੂ ਤੇਗ ਬਹਾਦਰ ਸਮੇਂ ਧੀਰਮਲ ਤੋਂ ਬੀੜ ਲੁਟ ਲਈ ਸਿੱਖਾਂ ਨੇ; ਬਿਆਸ ਵਿਚ ਅਮਾਨਤ; ੯ਵੀਂ ਪਾਤਿਸ਼ਾਹੀ ਦਾ ਅਰਦਾਸਾ...। ਉਦਮ ਕਰੋ ਨਾਮ ਸਿਮਰਨ ਕਰੋ...। ਇਕ ਧਰਮ ਅਸਥਾਨ ਤੇ ਨਹੀ ਇਕੱਠੇ ਹੋ ਸਕਦੇ...।

੩੯ ੧:੦੩

ਕਥਾ ਸਤਿਗੁਰ ਬਿਲਾਸ

ਸਤਿਗੁਰੂ ਹਰੀ ਸਿੰਘ ਜੀ ਦੀ ਉਪਮਾ ਦਾ ਇਤਹਾਸ। ਸਤਿਗੁਰੂ ਰਾਮ ਸਿੰਘ ਜੀ ਨੇ ਸਤਿਗੁਰੂ ਹਰੀ ਸਿੰਘ ਜੀ ਨੂੰ ਅਪਣੇ ਬਸਤਰ ਪਵਾ ਕੇ ਕਿਹਾ ਕਿ ਕੋਈ ਫਰਕ ਤਾਂ ਨਹੀ; ਗੰਗਾ ਦੇ ਕਿਨਾਰੇ; ਗੇਲੀ ਨੂੰ ਅੱਗ...। ਅੱਜਕਲ ਦਾ ਸਿੱਖਾਂ ਦਾ ਸਿੱਦਕ- ਸਤਿਗੁਰੂ ੨੦ ਵਿਸਵੇ ਤੇ ਸੰਗਤ ੨੧ ਵਿਸਵੇ...। ਰਾਮ ਹਰੀ ਵਿਚ ਕੋਈ ਭੇਦ ਨਹੀ; ਨਿਮਰਤਾ ਤੇ ਸਬਰ ਨਾਲ ਸਿੱਖੀ ਨੂੰ ਸਾਂਭ ਕੇ ਰਖਿਆ। ਪੁਲੀਸ ਦੀ ਚੌਕੀ ਤੇ ਤਸ਼ਦੱਦ...। ਭਗਵਾਨ ਸਿੰਘ ਅੜਬੰਗੀ...; ਗੇਂਦਾ...। ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਵਾਰ ਵਾਰ ਕੇ ਸਿੱਖੀ ਦਿੱਤੀ; ਸਤਿਗੁਰੂ ਰਾਮ ਸਿੰਘ ਜੀ ਨੇ ਸਿਖੀ ਨੂੰ ਪੁਨਰ ਜੀਵਤ ਕੀਤਾ ਤੇ ਸਤਿਗੁਰੂ ਹਰੀ ਸਿੰਘ ਜੀ ਨੇ ਹਰੀ ਰਖਿਆ...। ੧੯੨੮ ਬਿਕਰਮੀ ਨੂੰ ਸਤਿਗੁਰੂ ਰਾਮ ਸਿੰਘ ਜੀ ਪ੍ਰਦੇਸ ਗਏ; ਸਿੰਘ ਸਭਾ ਬਨਾਈ ਨਾਮਧਾਰੀਆਂ ਦੇ ਖਿਲਾਫ...। ਸਤਿਗੁਰੂ ਰਾਮ ਸਿੰਘ ਜੀ ਬਾਗ ਦੇ ਮਾਲੀ ਵੀ ਤੇ ਮਾਲਕ ਵੀ ਹਨ। ਲੋਹਗੜ ਮੇਲਾ ਲਗਦਾ ਹੈ ਤੇ ਨਾਮਧਾਰੀਆਂ ਦੀ ਦੁਕਾਨ...। ਸ਼ਾਮ ਨੂੰ ਦੀਵਾਨ ਲਗਦਾ;ਬੱਚਾ ਅੱਗ ਵਿਚ ਮਸਤ ਹੋਕੇ; ਅੱਗ ਕੁਝ ਨਹੀ ਕਿਹਾ...। **ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨ ਜਾਣਾ** ॥ **ਜਨਨੀ ਜਾਨਤ ਸੁਤੁ ਬਡਾ ਹੋਤੁ ਹੈ ਇਤਨਾ ਕੁ ਨ ਜਾਨੈ ਜਿ ਦਿਨ ਦਿਨ ਅਵਧ ਘਟਤੁ ਹੈ** ॥ **ਜੋ ਪ੍ਰਾਣੀ ਗੋਵਿੰਦੁ ਧਿਆਵੈ ॥ ਪੜਿਆ ਅਣਪੜਿਆ ਪਰਮ ਗਤਿ ਪਾਵੈ** ॥ ਇਕ ਪੰਡਤ ਸਤਿਗੁਰੂ ਹਰੀ ਸਿੰਘ ਜੀ ਪਾਸ ਗਿਆਨ ਚਰਚਾ ਵਾਸਤੇ ਆਇਆ; ਸੰਤ ਜੀਉਣ ਸਿੰਘ ਵਲ ਭੇਜਿਆ; ਪੰਡਤ ਜੀ ਤੁਸੀ ਗਿਆਨੀ ਹੋ ਕਿ ਅਗਿਆਨੀ...। ਗੁਰੂ ਗੋਬਿੰਦ ਸਿੰਘ ਜੀ ਸਮੇਂ ਇਕ ਸਿੱਖ ਪਾਠ ਕਰਨ ਲਗਾ ਤਾਂ ਜਦੋਂ ਇਹ ਪੜਿਆ **ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ** ॥ ਤਾਂ ਗਰੰਥ ਸਾਹਿਬ ਸੰਤੋਖ ਦਿਤਾ...। ਹਰਮੀਤ ਸਿੰਘ ਨੇ ਦੀਵਾਨ ਤੋਂ ਬਾਦ ਸਿੰਘਾਂ ਨੂੰ ਪੁਛਿਆ ਤੁਸੀਂ ਕੌਣ ਹੋ? ਹਰਮੀਤ ਸਿੰਘ ਅਪਣੀ ਕਥਾ ਸੰਤ ਧਿਆਨ ਸਿੰਘ ਨੂੰ ਲਿਖਾਉਂਦੇ ਹਨ। ਏਅਰ ਵਾਇਸ ਮਾਰਸ਼ਲ ਜਾਪਾਨ ਜਾ ਕੇ ਮਰ ਗਿਆ...। ਸੰਤ ਜੈਮਲ ਸਿੰਘ ਨੇ ਪਲੇਗ ਤੋਂ ਬਚਾਇਆ...।

ਗਊਆਂ ਸਾਨ ਚੰਗੇ ਹੋਣ। ਚੰਗੀ ਚੀਜ ਵਲ ਜਾਉ; ਹੀਰੇ ਬਣੋ ਕੋਲੇ ਨਾ ਬਣੋ। ਸਤਿਗੁਰੂ ਵਾਲੀ ਮੱਤ ਆਵੇ। ੧੦੦ ਵਰੇ ਹੋ ਗਏ ਹਨ; ਸਤਿਗੁਰੂ ਰਾਮ ਸਿੰਘ ਜੀ ਦਾ ਦਿਨ...। ਹੱਥੀ ਸੇਵਾ ਕਰੋ; ਸਾਨੂੰ ਲੱਛਣ ਦੇ; ਇਕ ਘੰਟਾ ਨਾਮ ਸਿਮਰਨ ਨਾ ਛੱਡਿਉ; ਹਿਸਾਰ ਵਿਚ ਇਕ ਲੜਕਾ ਪੜਦਾ ਹੈ ਤੇ ੩ ਘੰਟੇ ਨਾਮ ਸਿਮਰਨ ਕਰਦਾ ਹੈ...।

੪੦ ੧:੦੪

ਕਥਾ ਸਤਿਗੁਰ ਬਿਲਾਸ ਈਸਟ ਅਫਰੀਕਾ

ਹਰਮੀਤ ਸਿੰਘ ਦੀ ਕਥਾ ਸੰਤ ਧਿਆਨ ਸਿੰਘ ਜੀ ਲਿਖੀ। ਸਿੰਘ ਹਰਮੀਤ ਸੁਨਾਵੈ ਗਾਥਾ...। ਪ੍ਰੇਮ ਦੇ ਢਾਈ ਅਖਰ...। ਰਾਵਣੀ ਭਾਸ਼ਾ ਦਾ ਟੀਕਾ ਪੜਨਾ ਬਹੁਤ ਮੁਸ਼ਕਲ ਹੈ। ਅਕਬਰ ਬੀਰਬਲ; ਭਗਤਾਂ ਦੀ ਰਖਿਆ ਆਪ ਕਿਉਂ ਕਰਦਾ ਹੈ...। ਮੂਸਨ ਦੀ ਕਥਾ...। ਸਤਿਗੁਰੂ ਰਾਮ ਸਿੰਘ ਜੀ ਕਿਹਾ ਕਿ ਜਿਸ ਕੁੱਲ ਵਿਚ ਮੈ ਆਇਆ ਹਾ ਉਸ ਕੱਲ ਵਿਚ ਗਰੀਬੀ ਰਹਿਣ ਨਹੀ ਦੇਣੀ। ਸਤਿਗੁਰੂ ਰਾਮ ਸਿੰਘ ਜੀ ਦੇ ਦੀਵਾਨ ਦੀਆਂ ਰੌਣਕਾਂ...। ਗਿਆਨ ਪ੍ਰਬੋਧ ਵਿਚ ਇਕ ਸਾਧੂ ਦਾ ਆਸ਼ਰਮ...। ਕਰਮ ਸਿੰਘ ਹਿੰਮਤਪੁਰ ਵਾਲੇ...; ਸੰਤ ਕੇਸਰ ਸਿੰਘ ਚਵਿੰਡਾ; ਕਿਸੇ ਮਾਤਾ ਪਿਤਾ ਦੇ ਸਾਮਣੇ ਬੱਚਾ ਨਹੀ ਮਰਿਆ...। ਸਤਿਗੁਰੂ ਰਾਮ ਸਿੰਘ ਜੀ ਸ੍ਰੀ ਭੈਣੀ ਸਾਹਿਬ ਵਿਚ ਸੇਵਕਾਂ ਦਾ ਪਾਰ ਉਤਾਰਾ ਕਰ ਰਹੇ ਹਨ। ਇਕ ਵਾਰੀ ਬਾਬਾ ਜਸਾ ਸਿੰਘ ਨੂੰ ਪੁਛਿਆ ਕਿ ਮੈਂ ਤੇਰੇ ਘਰ ਜਨਮ ਲਿਆ ਹੈ; ਬਾਬਾ ਜਸਾ ਸਿੰਘ ਸਾਰਾ ਵਰਤਾਂਤ ਦਸਿਆ...। ਸਤਿਗੁਰੂ ਰਾਮ ਸਿੰਘ ਜੀ ਨੇ ਕੁੜੀਆਂ ਮਾਰਨ ਤੋਂ ਹਟਾਇਆ...। ਇਕ ਸਾਧੂ ਨੇ ਪੈਸੇ ਦੇ ਕੇ ਵਿਆਜ ਮੰਗੇ...। ਬਾਬਾ ਬੁੱਢਾ ਸਿੰਘ ਜੀ;

ਸਿਆਣੇ ਦਾ ਆਖਿਆ ਤੇ ਔਲੇ ਦਾ ਖਾਦਾ ਬਾਦ ਵਿਚ ਪਤਾ ਲਗਦਾ ਹੈ; ਸਤਿਗੁਰੂ ਦਾ ਕਿਹਾ ਵੀ ਬਾਦ ਵਿਚ ਪਤਾ ਲਗਦਾ ਹੈ। **ਵਿਦਿਆ ਵੀਚਾਰੀ ਤਾਂ ਪਰਉਪਕਾਰੀ** ॥ **ਸਭ ਜਾਏ ਮਿਲੋ ਮੇਰੇ ਸਤਿਗੁਰੂ ਕੌ ਮੇਰੀ ਜਿੰਦੁੜੀਏ** । ਸਤਿਗੁਰੂ ਸ਼ਬਦ ਅਪਣੀ ਅਪਣੀ ਮੱਤ ਦੁਆਰਾ ਵਰਤਦੇ ਹਨ...। ਕਿਸ ਤਰਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਿੱਖਾਂ ਨੂੰ ਸੁੱਖ ਦਿੱਤਾ; ਪਾਕਸਤਾਨ ਤੋਂ ਕੱਢਿਆ ਤੇ ਇਥੇ ਵਸਾਇਆ...। ਭਗਤ ਸਿੰਘ ਜੌਕੀ...। ਵਿਦਿਆ ਇਸ ਵਾਸਤੇ ਪੜੀਏ ਕਿ ਬਾਣੀ ਦਾ ਅਧਿਅਨ ਕੀਤਾ ਜਾਵੇ। ਬੱਚਿਆਂ ਨੂੰ ਇਸ਼ਨਾਨ ਕਰਾਕੇ; ਨਾਮ ਸਿਮਰਨ ਕਰਾ ਕੇ ਸਕੂਲ ਭੇਜਿਆ ਜਾਵੇ।

ਦੋ ਮਹੀਨਿਆ ਬਾਦ ਸਮਾਂ ਪ੍ਰਾਪਤ ਹੋਇਆ ਹੈ। ਸਾਧ ਸੰਗਤ, ਸਤਿਗੁਰੂ ਪਾਸ ਆਕੇ ਸੁੱਖ ਮਿਲਦਾ ਹੈ; ਉਹ ਅਸਲੀ ਸੁੱਖ ਹੈ। **ਭਗਤ ਵਛਲ ਸੁਨਿ ਹੋਤ ਹੋ ਨਿਰਾਸ ਰਿਦੈ ਪਤਿਤ ਪਾਵਨ ਸੁਨਿ ਆਸਾ ਉਰਧਾਰਿ ਹੌਂ** ।

੨੦ ੨੨ ਦਿਨ ਪ੍ਰਸ਼ਾਦਾ ਨਹੀ ਛਕਿਆ; ਅੰਦਰ ਆਸਰਾ ਹੈ; ਬਾਬਾ ਅੱਛਰ ਸਿੰਘ...। ਬਾਬਾ ਮਘਰ ਸਿੰਘ...। ਸੁੱਖ ਸੇਵਾ ਵਿਚ ਹੈ। ਇਕ ਸਰੀਰ ਉਹ ਹਨ ਜੋ ਦੂਸਰਿਆਂ ਨਾਲ ਆਉਦੇ ਹਨ...। ਇਕ ਉਹ ਸਰੀਰ ਹਨ ਜੋ ਪਿਉ ਦੀ ਗਲਤੀ ਕਰਕੇ ਨਾਰਾਜ ਹਨ। ਇਕ ਮੁਸਲਮਾਨ ਪੀਰ...। ਠਾਕਰ ਮੁਹਾਵੇ ਵਾਲੇ; ਮੈ ਤਾਂ ਰਾਮੇ ਦਾ ਹਾਂ...। ਸਤਿਗੁਰੂ ਦਾ ਪਾਸਾ ਵੱਡਾ ਹੈ...। ਮਾਈ ਜਸ ਕੌਰ...। ਸੰਤ ਸਿੰਘ ਗੁਰੂ ਬਾਲਕ ਸਿੰਘ ਜੀ ਸਮੇਂ; ਇਕ ਮੰਗਤੇ ਨੂੰ ਲੋਈ ਦਿਤੀ; ਅਸੀਸ ਦਿਤੀ; ਲੋਈ ਵਾਪਸ ਲੈ ਲਈ...। ਅਪਣੇ ਬੱਚਿਆਂ ਨੂੰ ਦਸੋ ਕਿ ਕਿਸ ਤਰਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪਾਕਸਤਾਨ ਤੋਂ ਕੱਢਿਆ ਤੇ ਇਥੇ ਵਸਾਇਆ...।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਕਿਰਪਾ ਕਰਕੇ ਪਾਕਸਤਾਨ ਤੋਂ ਆਏ ਤੇ ਗਲ ਨਾਲ ਲਾਇਆ। ਸਾਡਾ ਬਾਣਾ ਵੀ ਬਹੁਤ ਘਟ ਹੋਈ ਜਾਂਦਾ ਹੈ। ਬਸਤਰ ਠੀਕ ਰਖੋ। ਦਮਦਮੇ ਮੇਲੇ ਵਿਚ ਹਿਸਾ ਪਾਉ; ਮਰਯਾਦਾ ਰਖਣ ਪਾਠ ਕਰਨ ਸੇਵਾ ਕਰਨ। ਇਕ ਮਾਈ ਨੇ ਇਕ ਇਕ ਤੁੱਕ ਲੈਕੇ ਇਕੋਤਰ ਸੌ ਪਾਠ ਕਰ ਲਿਆ। ਇਕ ਸਿੱਖ ਸ੍ਰੀ ਭੈਣੀ ਸਾਹਿਬ ਮੱਕੀ ਵੱਡ ਕੇ ਆਇਆ...। ਬਾਬਾ ਜੈਮਲ ਸਿੰਘ ਲਹੌਰ...। ਬੱਚੇ ਨਿਤਨੇਮ ਪਾਠ ਵਿਚ ਲਗਣ। **ਮੇਰੇ ਮੋਹਨ ਸ੍ਰਵਨੀ ਇਹ ਨ ਸੁਨਾਏ ॥ ਸਾਕਤ ਗੀਤ ਨਾਦ ਧੁਨਿ ਗਾਵਤ ਬੋਲਤ ਬੋਲ ਅਜਾਏ** ॥ ਅਸੂ ਦੇ ਮੇਲੇ ਵਿਚ ਆਉ...। **ਉਦਮੁ ਕਰਿ ਹਰਿ ਜਾਪਣਾ ਵਡਭਾਗੀ ਧਨੁ ਖਾਟਿ ॥ ਸੰਤਸੰਗਿ ਹਰਿ ਸਿਮਰਣਾ ਮਲੁ ਜਨਮ ਜਨਮ ਕੀ ਕਾਟਿ** ॥

੧ ਕਤਕ ੨੦੩੪
ਨਾਭੇ ਪਟਿਆਲੇ ਦੀ ਰਿਆਸਤ ਵਾਲਿਆਂ ਸਦ ਕੇ ਕਿਹਾ ਕਿ ਅੰਮ੍ਰਿਤ ਛਕੋ; **ਜਾ ਕੋ ਠਾਕੁਰੁ ਊਚਾ ਹੋਈ ॥ ਸੋ ਜਨੁ ਪਰ ਘਰ ਜਾਤ ਨ ਸੋਹੀ ॥**

੫੯ ੧:੦੩

ਮਾਰੂ ਉਪਦੇਸ਼
ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ ਵਿਚ; ਵੱਡੇ ਵੱਡੇ ਆਦਮੀ ਜਿਨਾਂ ਦੇ ਰੱਥ ਦੇ ਪਹੀਆਂ ਨਾਲ ੭ ਸਮੁੰਦਰ ਬਣੇ; ਮੌਤ ਦੇ ਡਰ ਤੋਂ ਸਿਰਫ ਸਤਿਗੁਰੂ ਦਾ ਉਪਦੇਸ਼ ਹੀ ਬਚਾ ਸਕਦਾ ਹੈ। **ਕਾਲੁ ਬਿਆਲੁ ਜਿਉ ਪਰਿਓ ਡੋਲੈ**

ਮੁਖੁ ਪਸਾਰੇ ਮੀਤ ॥੧॥ ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਉ ਚੀਤਿ ॥ **ਪਰਿਓ ਕਾਲੁ ਸਭੈ ਜਗ ਊਪਰ ਮਾਹਿ ਲਿਖੇ ਭ੍ਰਮ ਗਿਆਨੀ ॥ ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ** ॥ **ਕਰੀ ਲੋਹ ਕਲਮੰ ਲਿਖਿਓ ਲੇਖ ਮਾਥੰ ॥ ਸਬੈ ਜੇਰ ਕੀਨੇ ਬਲੀ ਕਾਲ ਹਾਥੰ** ॥ ਇਸ ਡਰ ਵਿਚ ਰਹਿ ਕੇ ਇਸ ਡਰ ਤੋਂ ਬਚ ਸਕਦੇ ਹਾਂ। ਜਾਣ ਜਾਣ ਵਿਚ ਬੜਾ ਫਰਕ ਹੈ।**ਹਰਿ ਜਨ ਸਿਮਰਹੁ ਹਿਰਦੈ ਰਾਮ ॥ ਹਰਿ ਜਨ ਕਉ ਅਪਦਾ ਨਿਕਟਿ ਨ ਆਵੈ ਪੂਰਨ ਦਾਸ ਕੇ ਕਾਮ** ॥ ਭਜਨ ਬਾਣੀ ਕਰਨ ਵਾਲੇ ਦੇ ਸੈ ਉਪਾਦਾਂ ਦੂਰ ਹਨ। **ਕੋਟਿ ਬਿਘਨ ਬਿਨਸਹਿ ਹਰਿ ਸੇਵਾ ਨਿਹਚਲੁ ਗੋਵਿਦ ਧਾਮ ॥ ਭਗਵੰਤ ਭਗਤ ਕਉ ਭਉ ਕਿਛੁ ਨਾਹੀ ਆਦਰੁ ਦੇਵਤ ਜਾਮ** ॥ ਜਨਮ ਮਰਣ ਵਿਚ ਬਹੁਤ ਵੱਡਾ ਦੁੱਖ ਹੈ। ਸੁਖਦੇਵ ਜੀ ਤੇ ਜਨਕ...।

ਇਸ ਗਲ ਦਾ ਅਧਿਅਨ ਕਰਨਾ ਚਾਹੀਦਾ ਹੈ ਕਿ ਮੌਤ ਪਿਛੋਂ ਕਿਥੇ ਜਾਣਾ ਹੈ। **ਪੈਜ ਰਾਖਹੁ ਹਰਿ ਜਨਹ ਕੇਰੀ ਹਰਿ ਦੇਹੁ ਨਾਮੁ ਨਿਰੰਜਨੋ ॥ ਅੰਤਿ ਚਲਦਿਆ ਹੋਇ ਬੇਲੀ ਜਮਦੂਤ ਕਾਲੁ ਨਿਖੰਜਨੋ** ॥ ਭਜਨ ਕਰਨ ਵਾਲਿਆਂ ਨੂੰ ਹੀ ਮਾਸ ਨਹੀ ਖਾਣਾ ਚਾਹੀਦਾ, ਦੂਸਰੇ ਖਾ ਸਕਦੇ ਹਨ...। ਮਰਣਾ ਦੋਹਾਂ ਨੇ ਹੈ। ਦੁਨੀਆ ਦੇ ਸਾਰੇ ਸਿਕਿਆਂ ਨੇ ਅਗੇ ਨਹੀ ਚਲਣਾ। **ਹਰਿ ਹਰਿ ਨਾਮੁ ਕਮਾਵਨਾ ਨਾਨਕ ਇਹੁ ਧਨੁ ਸਾਰੁ** ॥ ਮੌਤ ਸਾਡੇ ਹੱਥ ਵਿਚ ਹੋਵੇ। ਕਰਮ ਸਿੰਘ ਲੋਹਾਰ ਪ੍ਰਤਾਪਰਾ...। **ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ** ॥

ਮਾਇਆਧਾਰੀ ਅਤਿ ਅੰਨਾ ਬੋਲਾ ॥ **ਸਬਦੁ ਨ ਸੁਣਈ ਬਹੁ ਰੋਲ ਘਚੋਲਾ** ॥ ਨਾਮ ਵਾਲਿਆਂ ਕੋਲ ਜੇ ਥੋੜੀ ਵੀ ਮਾਇਆ ਹੈ ਤਾਂ ਦੁੱਖ ਨਹੀ; ਬਾਬਾ ਜੈਮਲ ਸਿੰਘ ਲਹੌਰ ਵਾਲੇ...। **ਇਕੋ ਦਿਸੈ ਸਜਣੋ ਇਕੋ ਭਾਈ ਮੀਤੁ ॥ ਇਕਸੈ ਦੀ ਸਾਮਗਰੀ ਇਕਸੈ ਦੀ ਹੈ ਰੀਤਿ** ॥ ਬਾਬਾ ਚੰਦਾ ਸਿੰਘ...। **ਜਉ ਨਿਰਧਨੁ ਸਰਧਨ ਕੈ ਜਾਇ ॥ ਆਗੇ ਬੈਠਾ ਪੀਠਿ ਫਿਰਾਇ** ॥ **ਜਿਸੁ ਨਾਮੁ ਰਿਦੈ ਸੋਈ ਵਡ ਰਾਜਾ** । **ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ ॥ ਸਗਲੇ ਦੂਖ ਅੰਮ੍ਰਿਤੁ ਕਰਿ ਪੀਵੈ ਬਾਹੁੜਿ ਦੂਖੁ ਨ ਪਾਇਦਾ** ॥ ਇਹ ਗਲਾਂ ਕਰਨ ਲਈ ਸਮਾਂ ਬਹੁਤ ਥੋੜਾ ਹੈ। ਮਨ ਦਾ ਸੁਭਾ ਇਸੇ ਤਰਾਂ ਦਾ ਹੈ। **ਇਹੁ ਮਨੁ ਸਕਤੀ ਇਹੁ ਮਨੁ ਸੀਉ ॥ ਇਹੁ ਮਨੁ ਪੰਚ ਤਤ ਕੋ ਜੀਉ**॥ ਗੁਰੂ ਅਮਰਦਾਸ ਜੀ ਵੇਲੇ ਕੋਈ ਬੱਚਾ ਮਾਤਾ ਪਿਤਾ ਦੇ ਸਾਮਣੇ ਨਹੀ ਮਰੂਗਾ। ਮਾਈ ਦੀ ਕਥਾ; ਡਿਉੜੀ ਥੱਲੇ ਆਕੇ ਮਰ ਜਾਣਾ ਹੈ। ਰਾਜੇ ਦੀ ਲੜਕੀ ਭੰਗੀ ਦੇ ਲੜਕੇ ਨਾਲ ਵਿਆਹੀ ਜਾਣੀ ਹੈ...। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ ਵਿਚ ਜੇ ਕੋਈ ਆਪਣੇ ਮਾਲਕ ਦੇ ਹੁਕਮ ਵਿਚ ਫੇਰ ਬਦਲ ਕਰਦਾ ਹੈ...। ਰੇਖ ਵਿਚ ਵੀ ਮੇਖ ਬਜ ਸਕਦੀ ਹੈ...। **ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ** ॥ ਰਾਜੇ ਦਾ ਲੜਕਾ ਬਿਮਾਰ; ਇਕ ਸਾਧੂ ਨੇ ਕਿਹਾ ਇਕ ਟਕਾ ਚਾਹੀਦਾ ਹੈ ਜੋ ਸੁਖੀ ਹੋਵੇ। **ਨਾਨਕ ਦੁਖੀਆ ਸਭੁ ਸੰਸਾਰੁ** ॥ **ਸਗਲ ਸ੍ਰਿਸਟਿ ਕੋ ਰਾਜਾ ਦੁਖੀਆ ॥ ਹਰਿ ਕਾ ਨਾਮੁ ਜਪਤ ਹੋਇ ਸੁਖੀਆ** ॥ ਸਾਧ ਸੰਗਤ ਦਾ ਇਹੀ ਕੰਮ ਹੈ ਕਿ ਜੇ ਕੋਈ ਗਿਰ ਜਾਵੇ ਤਾਂ ਉਸ ਨੂੰ ਉਠਾਉ।ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਰੀਰ ਸ਼ਾਂਤ ਸਮੇ ੨੨ ਕੇਸ ਬਣੇ ਸਨ; ਇਕ ਮਹੀਨਾ ਪਹਿਲੋਂ ਮੈਨੂੰ ਸੱਦ ਕੇ ਹੁਕਮ ਦੇਣ ਲਗੇ...। ਦੋ ਮਾਈਆਂ ਨੇ ਹੌਸਲਾ ਦਿੱਤਾ। ਜੋ ਸਤਿਗੁਰੂ ਜੀ ਕਰਦੇ ਹਨ ਉਸ ਵਿਚ ਹੀ ਭਲਾ ਹੈ; ਜੋ ਰਜਾ ਵਿਚ ਰਾਜੀ...। ਭਾਈ ਮਨੀ ਸਿੰਘ...। **ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ ॥੧॥ ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਉ ਚੀਤਿ** ॥ ਭਗਤ ਸਿੰਘ ਦਾਤੇਵਾਲੀਏ...। ਸੰਤ ਤੇਜਾ ਸਿੰਘ ਸੰਦੋਵਾਲ ਦੇ; ੨ ਨੌਜਵਾਨ ਪੁੱਤਰ ਚੜਾਈ ਕਰ ਗਏ...। ਸੁੱਚਾ ਸਿੰਘ ਦਿੱਲੀ ਵਾਲੇ; ਦੋ ਪੁੱਤਰ ਚੜਾਈ ਕੀਤੇ...। ਸਾਡਾ ਮੋਹ ਰੇਲ ਵਿਚ ਕਿਸੇ ਮੁਸਾਫਰ ਨਾਲ ਹੋ ਜਾਂਦਾ ਹੈ; ਦੁੱਖ ਅਪਨਤ ਦਾ ਹੈ। ਸਾਡੇ ਨਾਲ ਕੁੰਦਨ ਸਿੰਘ ਨਕਈ ਪੜਦਾ ਹੁੰਦਾ ਸੀ, ਉਸ ਦਾ ਛੋਟਾ ਭਰਾ ਚੰਨਾ...। ਸੁਦਰਸ਼ਨ ਸਿੰਘ ਤੇ ਬੱਚੇ ਐਕਸੀਡੈਂਟ ਨਾਲ ਚੜਾਈ ਕੀਤੇ...। ਗੁਰਬਾਣੀ ਅਨੁਸਾਰ **ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨ ਭਾਇਆ** ॥ ਹੁਕਮਨਾਮੇ ਵਿਚ ਮਰਨ ਪਿਛੋਂ ਰੋਣਾ ਪਿੱਟਨਾ ਨਹੀ...। ਬੰਤਾ ਸਿੰਘ ਗੋਲੇ ਟੋਲੇ ਵਾਲਾ...। ਭਜਨ ਪਾਠ ਕਰੋ ਤਾਂ ਜੋ ਉਨਾਂ ਨੂੰ ਫਾਇਦਾ ਹੋਵੇ। **ਅਪਨਾ ਚਿਤਵਿਆ ਹਰਿ ਕਰੈ ਜੋ ਮੇਰੇ ਚਿਤਿ ਨ ਹੋਇ** ॥ **ਫਰੀਦਾ ਦਰੀਆਵੈ ਕੰਨੈ੍ ਬਗੁਲਾ ਬੈਠਾ ਕੇਲ ਕਰੇ ॥ ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ** ॥ ਗੁਰੂ ਗੋਬਿੰਦ ਸਿੰਘ ਜੀ ਇਕ ਤੀਰ ਨਾਲ ੧੦੦੦੦ ਦੁਸ਼ਮਨ ਮਾਰ ਦਿੱਤੇ, ਪਰ ਇਹ ਅਕਾਲ ਪੁਰਖ ਦਾ

ਹੁਕਮ ਨਹੀ। **ਅਸੀ ਖਤੇ ਬਹੁਤੁ ਕਮਾਵਦੇ ਅੰਤੁ ਨ ਪਾਰਾਵਾਰੁ ॥ ਹਰਿ ਕਿਰਪਾ ਕਰਿ ਕੈ ਬਖਸਿ ਲੈਹੁ ਹਉ ਪਾਪੀ ਵਡ ਗੁਨਹਗਾਰੁ** ॥ ਹੁਕਮ ਮਨ ਕੇ ਹੀ ਸੁੱਖ ਪਰਾਪਤ ਹੋ ਸਕਦਾ ਹੈ। **ਹਰਿ ਜਨੁ ਊਤਮੁ ਭਗਤੁ ਸਦਾਵੈ ਆਗਿਆ ਮਨਿ ਸੁਖੁ ਪਾਈ** ॥ ਜੇ ਮੇਰੇ ਮੁੰਡੇ ਦੀ ਲਤ ਟੁੱਟਣੀ ਤਾਂ ਟੁੱਟ ਜਾਣੀ ਹੈ...। **ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ ॥ ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ** ॥ ਬਲਕਾਰ ਸਿੰਘ ਦੀ ਮੱਝ ਮਰ ਗਈ...। ਅਰਦਾਸ ਕਰਨੀ ਜੋ ਕੁਝ ਹੋਵੇ ਸਾਨੂੰ ਪਰਵਾਨ ਹੋਵੇ। ਭਜਨ ਕਰੋ ਪਰ ਬਖਸ਼ਿਸ਼ ਬਹੁਤੀ ਮੰਗੋ। **ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ** ॥

੬੦ ੧:੦੫

ਕੰਨਾਂ ਦੁਆਰਾ ਸਤਿਗੁਰੂ ਦਾ ਉਪਦੇਸ਼ ਸੁਨਣ ਨਾਲ ਸਾਡਾ ਫਾਇਦਾ ਹੁੰਦਾ ਹੈ। ਪਦਾਰਥ ਰਵੇ ਪਦਾਰਥਵਾਦ ਨਹੀ...। ਸੇਵਾ ਸਿੰਘ ਮਿਸਤਰੀ; ਕਾਰਖਾਨੇ ਵਿਚ ਆਰਾ; ਕੋਈ ਲਿਖ ਲਿਖਾ ਨਹੀ...। ਵਿਰਸਾ ਸਿੰਘ ਨੇ ਮਘਰ ਸਿੰਘ ਨੂੰ ਮੁਰੱਬੇ ਲੈਕੇ ਦਿੱਤੇ। ਸਤਿਗੁਰੂ ਰਾਮ ਸਿੰਘ ਜੀ ; ਜਿਹੜਾ ਰਜ਼ਾ ਵਿਚ ਰਾਜ਼ੀ...। **ਮਾਇਆ ਕਾਰਨਿ ਧਾਵਹੀ ਮੂਰਖ ਲੋਗ ਅਜਾਨ** ॥ **ਗੁਰ ਸੇਵਾ ਤੇ ਭਗਤਿ ਕਮਾਈ ॥ ਤਬ ਇਹ ਮਾਨਸ ਦੇਹੀ ਪਾਈ** ॥ ਮਨੁੱਖਾ ਦੇਹੀ ਮਿਲੀ ਹੈ। ਅਕਬਰ ਬੀਰਬਲ; ਬੱਚਾ ਬੇੜੀ ਵਿਚ; ਬੱਚੇ ਨੂੰ ਬੇੜੀ ਦੇ ਸੁੱਖ ਦਾ ਨਹੀ ਪਤਾ।

ਜਾਨਵਰਾਂ ਨੂੰ ਸਿਖਾਉਦੇ ਹਨ। ਆਪਾਂ ਵੀ ਸਾਧ ਸੰਗਤ ਵਾਲੀ ਗਲ ਸਿੱਖ ਸਕੀਏ। ਨਾਮ ਹਜ਼ਾਰਾ ਸਿੰਘ ਹੋਵੇ ਤੇ ਕੋਲ ਇਕ ਪੈਸਾ ਨਾ ਹੋਵੇ। ਭਾਈ ਗੁਰਦਾਸ ਦੀਆਂ ਵਾਰਾਂ ਤੇ ਨਾਰਾਇਣ ਹਰੀ ਉਪਦੇਸ਼ ਪੜੋ ਤੇ ਪਤਾ ਲਗੇਗਾ...। **ਕਬੀਰ ਕੇਸੋ ਕੇਸੋ ਕੂਕੀਐ ਨ ਸੋਈਐ ਅਸਾਰ ॥ ਰਾਤਿ ਦਿਵਸ ਕੇ ਕੂਕਨੇ ਕਬਹੂ ਕੇ ਸੁਨੈ ਪੁਕਾਰ** ॥ ਭਗਵਾਨ ਸਿੰਘ ਦੇ ਘਰ ਸੰਤ ਨਰੈਣ ਸਿੰਘ ਜਾਂਦੇ ਤਾਂ ਕਿਸੇ ਮਖੌਲ ਕੀਤਾ; ਇਹ ਜਿਦਰ ਜਾਣਗੇ ਉਜਾੜ ਕੇ ਆਉਣਗੇ; ਸੰਤਾਂ ਨੇ ਕਿਹਾ ਜਾ ਤੈਨੂੰ ਸ਼ਾਹਾਂ ਦਾ ਸ਼ਾਹ ਕੀਤਾ...। ਸੰਤ ਫੂਲਾ ਸਿੰਘ (ਸੇਠ ਤਰਲੋਕ ਸਿੰਘ ਦੇ ਪਿਤਾ) ਕਿਰਪਾ ਹੋਈ ਪੁਤਰਾਂ ਤੇ। ਆਪਣੇ ਸੰਤਾਂ ਦੀਆਂ ਕਥਾ ਪੜੋ ਸੁਨੋ। **ਇਹੁ ਮਨੁ ਸਕਤੀ ਇਹੁ ਮਨੁ ਸੀਉ ॥ ਇਹੁ ਮਨੁ ਪੰਚ ਤਤ ਕੋ ਜੀਉ** ॥ ਸੰਤ ਬੂਟਾ ਸਿੰਘ ਨੇ ਘਰਵਾਲੀ ਨੂੰ ਆਖਿਆ ਕਿ ਸੰਤ ਸੁਰਜਨ ਸਿੰਘ ਨੇ ਚੜਾਈ ਕਰਨੀ ਹੈ ਮੈਂ ਮਿਲਣ ਜਾਣਾ ਹੈ। ਉਧਰ ਸੰਤ ਸੁਰਜਨ ਸਿੰਘ ਨੇ ਕਿਹਾ ਕਿ ਬੂਹਾ ਖੋਲ ਦਿਉ ਸੰਤ ਬੂਟਾ ਸਿੰਘ ਆ ਰਹੇ ਹਨ...।

ਕਥਾ

ਹਮ ਕੀਆ ਹਮ ਕਰਹਗੇ ਹਮ ਮੂਰਖ ਗਾਵਾਰ ॥ ਕਰਣੈ ਵਾਲਾ ਵਿਸਰਿਆ ਦੂਜੈ ਭਾਇ ਪਿਆਰੁ ॥ ਇਸ ਨੂੰ ਤਿਆਗੋ। ॥ **ਹਉਮੈ ਰੋਗੁ ਮਾਨੁਖ ਕਉ ਦੀਨਾ** ॥ ਸੰਤੋਖ ਨਾਲ ਹੀ ਰਖੇ ਮਾਇਆ ਦੇ ਨਾਲ। ਕਈ ਸੱਚ ਸਤਿਗੁਰੂ ਨਾਲੋਂ ਤੋੜਦੇ ਹਨ। ਹੁਕਮ ਸਿੰਘ ਭੁਰਜੀ; ੧੧ ਵਜੇ ਉਠ ਕੇ ਨਾਮ ਸਿਮਰਨ ਕਰਦਾ ਸੀ। ਚੰਗਾ ਕਰੇ ਪਰ ਦਸਦਾ ਨਾ ਫਿਰੇ। **ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥ ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ** ॥ ਸੰਤ ਜਵਾਹਰ ਸਿੰਘ ਜੀ ਮਿਰਜੇ ਵਾਲੇ...। ਸੰਤ ਸਿੰਘ ਜੀ ਹਜਰੋ ਵਾਲੇ; ਲੋਈ ਦਾਨ ਦਿਤੀ...। ਨਾਮ ਸਿਮਰਨ ਨਾ ਛੱਡੇ; ਭਗਵਾਨ ਦੀ ਨਿੰਦਾ ਨਾ ਸੁਣੇ; ਤ੍ਰਿਸ਼ਨਾ ਨੂੰ ਛੱਡੇ। ਸੰਤ ਲਛਮਨ ਸਿੰਘ ਦੇ ਪਿਤਾ ਕੇਹਰ ਸਿੰਘ; ੩ ਗਲਾਂ; ਨੌਕਰੀ ਵਾਸਤੇ; ਖੰਡ ਦੀ ਸ਼ਰਦਾਈ; ਸੀਤ ਪ੍ਰਸਾਦ...। ਹੋਰ ਸਤਿਗੁਰੂ ਰਾਮ ਸਿੰਘ ਜੀ ਤੋਂ ਚੰਗਾ ਹੈ ਹੀ ਨਹੀ। ਵੱਡੀ ਬਾਣੀ ਸਤਿਗੁਰੂ ਦੀ ਹੈ । **ਬਾਣੀ ਗੁਰੂ ਗੁਰੂ ਹੈ ਬਾਣੀ**। ਜਦੋਂ ਗੁਰੂ ਦੇ ਉਪਦੇਸ਼ ਮਿੱਠੇ ਲਗਣ ਤਾਂ ਸਮਝੋ ਕਲਿਆਨ ਹੋ ਗਈ। ਸਤਿਗੁਰੂ ਦਾ ਮੰਤ੍ਰ ਲੈ ਕੇ ਕਮਾਈ ਕੀਤੀ ਜਾਵੇ।

੧੬-੧੦-੭੭ ਅਸੂ ਮੇਲੇ ਦਾ ਭੋਗ ਸ੍ਰੀ ਭੈਣੀ ਸਾਹਿਬ

ਮਾਉਂਟ ਐਵਰਸਟ ਤੇ ਗਏ ਹਨ; ਜਿਨਾਂ ਨੇ ਕੁਝ ਕਰਨਾ ਹੈ ਉਹ ਆਪਣੇ ਪਲਿਉ ਸਾਰਾ ਕੁਝ ਲਾ ਕੇ ਜਾਂਦੇ ਹਨ। ਸੰਤ ਟਹਲ ਸਿੰਘ ਸਤਿਗੁਰੂ ਰਾਮ ਸਿੰਘ ਜੀ ਦਾ ਦਰਸ਼ਨ ਮੀਂਹ ਵਿਚ ਕੀਤਾ । **ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ ॥ ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ** ॥ ਸਤਿਗੁਰੂ ਰਾਮ ਸਿੰਘ ਜੀ ਦਾ ਬਚਨ ਹੁਣ ਸਸਤਾ ਹੈ ਫੇਰ ਮਹਿੰਗਾ ਹੋ ਜਾਵੇਗਾ। ਸੰਤ ਜੀਉਣ ਸਿੰਘ ਦਾ ਹਾਲ; ਇਕ ਹਉਕਾ ਲਿਆ; ਸਤਿਗੁਰੂ ਰਾਮ ਸਿੰਘ ਜੀ ਨੇ ਦਰਸ਼ਨ ਦਿੱਤਾ। ਜਥੇਦਾਰਾਂ ਦੇ ਦੀਵਾਨ...।

੩ ਅਸੂ ੨੦੨੯ ਦਮਦਮੇ; ਕਲ ਦਾ ਦੀਵਾਨ ਧਰਮਪੁਰੇ ਪਾਸੇ ਲਗੇਗਾ।

ਦਮਦਮੇ ੨੦੨੯ ਮੇਲਾ ਬੰਸੀ ਲਾਲ
ਜਿੰਨਾ ਨੇ ਇਹ ਇਲਾਕ ਅਬਾਦ ਕਰਾਇਆ; ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਯਾਦ ਕਰੀਏ। ਅਸੀਂ ਅਪਣੀ ਤਰੀਫ ਮੁਤਾਬਕ ਬਣ ਸਕੀਏ। ਸੁੱਖ ਵਿਚ ਦੁੱਖ ਚੇਤਾ ਰਖੋ। ਸਤਿਗੁਰੂ ਪ੍ਰਤਾਪ ਸਿੰਘ ਜੀ ਘੋੜ ਵਿਦਿਆ; ਕੰਨ ਫੜਕੇ ਘੋੜੇ ਉਪਰ; ਕਿਲਾ ਚੁਕਿਆ...। ਕਰੋਧ ਤੇ ਜ਼ਹਿਰ ਵਿਚ ਅੰਤਰ; ਕਰੋਧ ਜਿਸ ਭਾਂਡੇ ਵਿਚ ਹੈ ਉਸ ਨੂੰ ਖਰਾਬ ਕਰਦਾ ਹੈ।

੬੧ ੧:੦੨

੫-੬-੭੨ ਸ੍ਰੀ ਭੈਣੀ ਸਾਹਿਬ
ਕਾਨੜਾ ਦੇ ਸ਼ਬਦ ਦੀ ਚੌਕੀ। ਸਤ ਸੰਗ ਵਡਾ ਕਿ ਤੱਪ ਵੱਡਾ; ਤੱਪ ਵਾਲੇ ੧੦000 ਸਾਲ ਦਾ ਤੱਪ ਰਖਿਆ, ਸੰਤ ਸੰਗ ਵਾਲੇ ਇਕ ਘੜੀ ਦਾ ਰਖਿਆ। ਜਿਸ ਤਰਾਂ ਵਿਦਿਅਕ ਜਥੇ ਦੀ ਜਥੇਬੰਦੀ ਅਪਣੇ ਆਪ ਚਲੀ ਜਾਂਦੀ ਹੈ ਉਸੇ ਤਰਾਂ ਸੰਗੀਤ ਵਾਸਤੇ ਵੀ ਐਸੀ ਜਥੇਬੰਦੀ ਬਨੇ। ਹਰੇਕ ਜਿਲੇ ਵਿਚ ਘਟ ਤੋਂ ਘਟ ਇਕ ਜੋੜਾ ਰਾਗੀਆਂ ਦਾ ਚਾਹੀਦਾ ਹੈ...। ਹੁਕਮਨਾਮਾ ਪੁਜਾਰੀਆਂ ਦੇ ਨਾਮ...। ਨੀਲਾ ਨਾ ਪਾਉ; ਨੀਲੇ ਪਉਣ ਨਾਲ ਮਤ ਮਾਰੀ ਜਾਂਦੀ ਹੈ...। ਉਠੇ ਸਿੰਘ ਜੋਧਾ ਧਰਹਿ ਨੀਲ ਭੇਸਾ।

੬-੬-੭੨ ੮ਵਾਂ ਵਿਦਿਅਕ ਜਥਾ
ਮਾਰੁ ਮਾਰੁ ਸ੍ਰਪਨੀ ਨਿਰਮਲ ਜਲਿ ਪੈਠੀ ॥ ਅਪਣੇ ਪੈਸਿਆ ਦਾ ਖਿਆਲ ਰਖਿਆਂ ਜਾਵੇ; ਜਮਾ ਕਰਾ ਦਿਉ। ਵਿਦਿਆਰਥੀਆ ਦੀ ਗਿਨਤੀ ਵਿਚ ਵਾਧਾ ਕਰੋ।

ਇਸ ਤਰਾਂ ਆਦਮੀ ਚੰਗੇ ਪਾਸੇ ਤੁਰ ਸਕਦਾ ਹੈ। ਚੰਦਰਮਾਂ ਤੇ ਆਦਮੀ ਪਹੁੰਚ ਚੁਕਾ ਹੈ। ਉਸ ਨੂੰ ਦੁਬਾਰਾ ਤਜਰਬੇ ਦੀ ਲੋੜ ਨਹੀ। **ਸਭਨਾ ਮਰਣਾ ਆਇਆ ਵੇਛੋੜਾ ਸਭਨਾਹ ॥ ਪੁਛਹੁ ਜਾਇ ਸਿਆਣਿਆ ਆਗੈ ਮਿਲਣੁ ਕਿਨਾਹ** ॥ ਸੰਤ ਬੰਤਾ ਸਿੰਘ ਗੋਲਾ ਟੋਲੇ ਵਾਲਾ; ਮੈ ਸਤਿਗੁਰੂ ਰਾਮ ਸਿੰਘ ਜੀ ਦਾ ਸਿੱਖ ਹਾਂ ਮੈਨੂੰ ਪਤਾ ਹੈ ਕਿਦਾਂ ਮਰਨਾ ਹੈ...। **ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨ ਭਾਇਆ** ॥ ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮ; ਪ੍ਰਾਨੀ ਮਰਨ ਪਿਛੋਂ ਰੋਨਾ ਪਿਟਨਾ ਨਹੀਂ...। ਇਹ ਗਲਾਂ ਚੰਦਰਮਾ ਤੇ ਜਾਣ ਵਾਲੇ ਨਹੀ ਦਸ ਸਕਦੇ। ਜਾਪਾਨ ਦੇ ਬੋਧੀ ਯੂਨੀਵਰਸਿਟੀ ਦੇ ਚੇਅਰਮੈਨ ਨੇ ਕਿਹਾ ਕਿ ਅਸੀਂ ਭਾਰਤ ਤੋਂ ਸਭਿਅਤਾ ਲਈ ਹੈ...। ਟੈਕਸੀ ਵਾਲੇ ਅਪਣੀਆ ਸਵਾਰੀਆਂ ਦੀ ਲਿਸਟ ਤਿਆਰ ਕਰਦੇ ਹਨ...। ੧੯੨੩ ਵਿਚ ਮੰਗਨੀ ਦੀ ਰਸਮ ਬੰਦ ਕੀਤੀ; ਜਥੇ ਦੇ ਮੈਂਬਰਾਂ ਨੇ ਪ੍ਰਣ ਕੀਤਾ ਹੈ ਕਿ ਦਹੇਜ ਨਹੀ ਲੈਣਗੇ...। ਸਤਿਗੁਰੂ ਪ੍ਰਤਾਪ ਸਿੰਘ ਜੀ ਉਸ ਪਾਸੇ ਨਹੀ ਗਏ ਜਿਥੇ ਜੂਆ ਖੇਡਦੇ ਸਨ...। ਹਰੇਕ ਨਾਮਧਾਰੀ ਪ੍ਰਚਾਰਕ ਹੈ ਜੋ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਚਾਰ ਕਰੇ...। ਚੰਡੀਗੜ ਲਾਗੇ ਇਕ ਸ਼ਰਾਬਖਾਨਾ; ਪੈਲੀਆਂ ਵਾਲੀ ਖਾਦ ਸ਼ਰਾਬ ਵਿਚ ਪਾਉਦੇ ਹਨ; ਉਸ

ਵਿਚ ਪੇਸ਼ਾਬ ਵੀ ਕਰਦੇ ਹਨ; ਸਰਕਾਰ ਨੂੰ ਚਾਹੀਦਾ ਹੈ ਕਿ ਸ਼ਰਾਬਖਾਨੇ ਨੂੰ ਬੰਦ ਕੀਤਾ ਜਾਵੇ। ਜਰਮਨ ਤੇ ਡੈਨਮਾਰਕ ਵਾਲੇ ਗਊਆਂ ਦੇ ਮਾਮਲੇ ਵਿਚ ਅਗੇ ਜਾ ਰਹੇ ਹਨ। ਹਿਸਾਰ ਅਪਣੇ ਗਊਸ਼ਾਲਾ ਦੇ ਜਾਨਵਰ ਭੇਜੇ ਸਨ ਤੇ ਨੰਬਰ ਇਕ ਤੇ ਆਏ। ਸਤਿਗੁਰੂ ਪ੍ਰਤਾਪ ਸਿੰਘ ਜੀ ਸਮੇਂ ਇਕ ਗਊ ਨੇ ੧੧੦੦੦ ਰੁਪਏ ਦੁੱਧ ਦਾ ਇਨਾਮ ਜਿਤਿਆ ਸੀ; ੨੮ ਕਿਲੋ ਤਕ ਦੁੱਧ ਦਿੱਤਾ; ਸਾਹੀਵਾਲ ਗਊ ਨੇ ਸਾਰੇ ਸੂਏ ਦਾ ੮੯੫ ਪੌਂਡ ਮੱਖਣ ਦਿੱਤਾ; ਵਧ ਤੋਂ ਵਧ ੩੭ ਕਿਲੋ ਤਕ ਦੁੱਧ ਦਿਤਾ...। ਨਾਮਧਾਰੀ ਮਰਯਾਦਾ ਨਾਲ ਗੈਰ ਨਾਮਧਾਰੀਆਂ ਦੇ ਵਿਆਹ ਹੁੰਦੇ ਹਨ; ਅੰਮ੍ਰਿਤਸਰ ੬ ਜੋੜਿਆਂ ਦੇ ਦਾ ਵਿਆਹ ਇਸ ਤਰਾਂ ਹੋਇਆ ਹੈ। ਨਾਮਧਾਰੀ ਪੰਥ ਨੂੰ ਜਰਾਇਮ ਪੇਸ਼ਾ ਕਰਾਰ ਕੀਤਾ ਗਿਆ...। ਸਾਡੇ ਵਿਚੋਂ ਕੋਈ ਗਵਰਨਰ ਨਹੀ; ਕੋਈ ਰਾਜ ਸਭਾ ਦਾ ਮੈਂਬਰ ਨਹੀ; ਕੋਈ ਰਾਜਦੂਤ ਨਹੀ ਬਨਿਆ। ਸਰਹੰਦ ਮੇਲੇ ਤੇ ਸ਼ਰਾਬ ਦੀਆਂ ਦੁਕਾਨਾਂ ਬੰਦ ਕਰਵਾਉ; ਗੰਦੇ ਰਿਕਾਰਡ ਬੰਦ ਕਰਵਾਉ।

੬੨ ੧:੦੩

ਬਿਸਰਿ ਗਈ ਸਭ ਤਾਤਿ ਪਰਾਈ ॥ ਜਬ ਤੇ ਸਾਧਸੰਗਤਿ ਮੋਹਿ ਪਾਈ ॥ ਸੁੱਖ ਰਵੇ; ਦਵੈਸ਼ ਈਰਖਾ ਕਰਨ ਵਾਸਤੇ ਸਰੀਰ ਨਹੀ। **ਇਕਿ ਦਾਤੇ ਇਕਿ ਭੇਖਾਰੀ ਜੀ ਸਭਿ ਤੇਰੇ ਚੋਜ ਵਿਡਾਣਾ** ॥ ਇਹ ਉਸ ਦੀ ਮਰਜੀ ਹੈ। **ਜੋ ਪ੍ਰਭ ਕੀਨੋ ਸੋ ਭਲ ਮਾਨਿਓ ਏਹ ਸੁਮਤਿ ਸਾਧੂ ਤੇ ਪਾਈ** ॥ ਬਹੁਤ ਪੜਿਆ ਹੋਵੇ ਤਾਂ ਸਾਧੂ ਦੀ ਜੁਤੀ ਵਰਗਾ ਨਹੀ। ਸਾਰੇ ਪਾਸੇ ਘਰ ਜਾਇਦਾਦ ਬਨਾਉਣ ਨੂੰ ਜੀਅ ਕਰਦਾ ਹੈ ਪਰ ਉਥੇ ਘਰ ਬਨਾਉ ਜਿਥੇ ਜਾਣਾ ਹੈ। ਇਕ ਬੀਬੀ; ਬਾਣੀ ਨਹੀ ਪੜੀ ਤਾਂ ਰੋਟੀ ਕਿਵੇਂ ਸੁਆਦ ਲਗੀ ਹੈ...। ਸਤਿਗੁਰੂ ਬਹੁਤ ਨੇੜੇ ਹੈ; ਗੁਰਮੁੱਖ ਸਿੰਘ ਡਰਾਇਵਰ...। ਸਤਿਗੁਰੂ ਦੇ ਦਰਸ਼ਨ ਹੋ ਸਕਦੇ ਹਨ; ਬੱਚਿਆਂ ਨੂੰ ਸਤਿਗੁਰੂ ਬਾਰੇ ਜਾਣਕਾਰੀ ਦਿਉ।

ਪੁਰਾਣੇ ਬਜ਼ੁਰਗ ਮੱਠੀ ਮੱਠੀ ਧਾਰਨਾ ਨਾਲ ਸ਼ਬਦ ਪੜਦੇ ਸਨ...। ਦੂਸਰਾ ਸ਼ਾਸ਼ਤਰੀ ਸੰਗੀਤ। ਤੀਸਰਾ ਅੰਮ੍ਰਿਤਸਰ ਤੋਂ ਰਬਾਬੀਆਂ ਤੋਂ ਸਿਖਾ ਕੇ ਸਤਿਗੁਰੂ ਜੀ ਨੇ ਰਾਗੀਆਂ ਤੇ ਕ੍ਰਿਪਾ ਕੀਤੀ। ਦਿੱਲੀ ਸੰਗੀਤ ਸਕੂਲ ਵਾਸਤੇ ਕੋਸ਼ਿਸ ਕੀਤੀ...। ਜੰਮੂ ਤੇ ਅੰਮ੍ਰਿਤਸਰ ਵਾਲੇ ਬੱਚੇ ਆਪਣੀ ਮਰਯਾਦਾ ਵਿਚ ਰਹਿਣ ਤੇ ਇਨਾਂ ਦਾ ਮੂੰਹ ਸਤਿਗੁਰੂ ਵਾਲੇ ਪਾਸੇ ਰਵੇ।

੧੪ ਚੇਤਰ ੨੦੩੪ ਹੋਲਾ

ਸਤਿਗੁਰੂ ਰਾਮ ਸਿੰਘ ਜੀ ਦੀ ਯਾਦ ਵਿਚ ਸਮਾਂ ਬਤਾਉਣਾ ਬਹੁਤ ਭਾਗਾਂ ਵਾਲੀ ਗਲ ਹੈ। ਸਤਿਗੁਰੂ ਦੀ ਕੈਦ ਵਿਚ ਆਉਣੋ ਮਨ ਡਰਦਾ ਹੈ। ਅਨਜਾਨਤ ਬਿਖਿਆ ਮਹਿ ਰਚੈ ॥ ਜੇ ਜਾਨਤ ਆਪਨ ਆਪ ਬਚੈ ॥ ਸੰਤ ਜਵਾਹਰ ਸਿੰਘ ਮਿਰਜੇਪੁਰ ਵਾਲੇ...। ਸੰਤ ਭਗਤ ਸਿੰਘ ਦਾਤੇਵਾਲੀਏ...। ਮਨੁੱਖਾ ਜਨਮ ਮਿਲਣਾ ਗੁਰਬਾਣੀ ਅਨੁਸਾਰ ਔਖਾ ਹੈ। **ਗੁਰ ਸੇਵਾ ਤੇ ਭਗਤਿ ਕਮਾਈ ॥ ਤਬ ਇਹ ਮਾਨਸ ਦੇਹੀ ਪਾਈ** ॥ ਜਿਹਨੇ ਗੁਰੁ ਅੰਗਦ ਨੂੰ ਨਹੀ ਮੰਨਿਆ ਉਨਾਂ ਗੁਰੁ ਨਾਨਕ ਨੂੰ ਵੀ ਨਹੀ ਮੰਨਿਆ; ਕਈ ਗੁਰੂ ਹਰਗੋਬਿੰਦ ਨੂੰ ਨਹੀ ਮੰਨੇ; ਫੇਰ ਗੁਰੂ ਗੋਬਿੰਦ ਸਿੰਘ ਜੀ ਨੂੰ ਬਹੁਤਿਆਂ ਛਡਿਆ; ਗੁਰੂ ਸਾਡਾ ਵਰਗਾ ਚਾਹੀਦਾ ਅਸੀ ਗੁਰੂ ਵਾਂਗੂ ਨਾ ਬਨੀਏ। **ਐਸਾ ਜਗੁ ਦੇਖਿਆ ਜੂਆਰੀ ॥ ਸਭਿ ਸੁਖ ਮਾਗੈ ਨਾਮੁ ਬਿਸਾਰੀ** ॥ ਫੇਰ ਸਤਿਗੁਰੂ ਰਾਮ ਸਿੰਘ ਜੀ ; **ਕਲਜੁਗ ਮੇਂ ਸਤਿਜੁਗ ਵਰਤਾਊਂ ਤਬੈ ਬਾਰਵਾਂ ਬਪ ਕਹਾਊਂ**॥ ਜਿਸ ਨੇ ਸਤਿਗੁਰੂ ਰਾਮ ਸਿੰਘ ਜੀ ਨੂੰ ਨਹੀ ਮੰਨਿਆ ਉਸ ਗੁਰੂ ਗੋਬਿੰਦ ਸਿੰਘ ਜੀ ਨੂੰ ਨਹੀ ਮੰਨਿਆ...। ਸਤਿਗੁਰੂ ਹਥਾਂ ਪੈਰਾਂ ਵਾਲਾ ਹੈ; ਬੋਲਣ ਵਾਲਾ ਹੈ। **ਜਿਤਨੇ ਜੀਅ ਜੰਤ ਪ੍ਰਭਿ ਕੀਨੇ ਤਿਤਨੇ ਸਿਰਿ ਕਾਰ ਲਿਖਾਵੈ** ॥ ਨਿਰਜੀਵ ਨੂੰ ਪੂਜਣ ਦੀ ਆਗਿਆ ਨਹੀ...। **ਸੋ ਸੀਸੁ ਭਲਾ ਪਵਿਤ੍ਰੁ ਪਾਵਨੁ ਹੈ ਮੇਰੀ ਜਿੰਦੁੜੀਏ ਜੋ ਜਾਇ ਲਗੈ ਗੁਰ ਪੈਰੇ ਰਾਮ** ॥ **ਧਨੁ ਧੰਨੁ ਪਿਤਾ ਧਨੁ ਧੰਨੁ ਕੁਲੁ ਧਨੁ ਧਨੁ ਸੁ ਜਨਨੀ ਜਿਨਿ ਗੁਰੂ ਜਣਿਆ ਮਾਇ** ॥ ਗੁਰੂ ਨਾਨਕ ਦੇਵਲੂਤ ਕੋਲ ਗਏ... **ਕਰੋ ਰਸੋਈ ਸੰਤ ਜੀ**...।

ਕਛਿਹਰੇ ਗੁਰੂ ਗੋਬਿੰਦ ਸਿੰਘ ਜੀ ਨੇ ਪਵਾਏ; ਮਾਈਆਂ ਨੂੰ ਅੰਮ੍ਰਿਤ ਸਤਿਗੁਰੂ ਰਾਮ ਸਿੰਘ ਜੀ ਛਕਾਇਆ ਤੇ ਕਛਿਹਰੇ ਪਉਣ ਦਾ ਹੁਕਮ ਵੀ ਦਿਤਾ। **ਦੁਆਦਸ ਪੁਰਖ ਹੈ ਆਦਿ ਸੇ ਸਭਨ ਕੇ ਸਿਰਮੌਰ**॥ ਸਤਿਗੁਰੂ ਰਾਮ ਸਿੰਘ ਜੀ ਦਰਗਹ ਵਿਚ ਗਏ; ਸਾਰੀ ਸ੍ਰਿਸ਼ਟੀ ਨਾਮ ਜਪਦੀ ਦਿਸੇ...। ਦੇਹਧਾਰੀ ਗੁਰੂ ਹੀ ਸਿੱਖ ਨੂੰ ਅਪਣੇ ਪਾਸ ਬੈਠਣ ਨੂੰ ਕਹਿ ਸਕਦਾ ਹੈ। **ਰੋਮ ਰੋਮ ਕੋਟਿ ਬ੍ਰਹਿਮੰਡ ਕੋ ਨਿਵਾਸ ਜਾਸੁ ਮਾਨਸ ਅਉਤਾਰ ਧਾਰ ਦਰਸ ਦਿਖਆਏ ਹੈ** । ਰਾਜੇ ਅਮਰੀਕ ਸਿਮਰਨ ਕੀਤਾ...। **ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ ॥ ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ** ॥ **ਮਾਇਆ ਕਾਰਨਿ ਧਾਵਹੀ ਮੂਰਖ ਲੋਗ ਅਜਾਨ** ॥ ਸਾਡਾ ਸਤਿਗੁਰੂ ਸੁਖ ਦੇਣ ਵਾਲਾ ਹੈ । **ਕੋਟਿ ਸੂਖ ਆਨੰਦ ਰਾਜ ਪਾਏ ਮੁਖ ਤੇ ਨਿਮਖ ਬੁਲਾਈ** ॥ **ਸਮੁੰਦੁ ਸਾਗਰੁ ਹੋਵੈ ਬਹੁ ਖਾਰਾ ਗੁਰਸਿਖੁ ਲੰਘਿ ਗੁਰ ਪਹਿ ਜਾਈ**। ਸੰਤ ਟਹਲ ਸਿੰਘ ਦਰਸ਼ਨ ਕਰਨ ਗਏ; ਮੀਂਹ ਪੈਂਦਾ ਸੀ; **ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ ॥ ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ** ॥ ਬਾਵਾ ਸ਼ਾਮ ਸਿੰਘ (੭ ਲਖ ਦੀ ਅਸਾਮੀ) ; ਲੰਗਰ ਲਾ ਦਿਤਾ; ਲੈਣੇ ਦੀਆਂ ਵਹੀਆਂ ਖੂਹ ਵਿਚ ਸੁੱਟ ਦਿੱਤੀਆਂ। ਸੰਤ ਜੀਉਣ ਸਿੰਘ ਤੇ ਮੀਹਾਂ ਸਿੰਘ (ਮਰਗੋਈ ਗਏ ਦਰਸ਼ਨ ਕਰਨ) ; ਸੰਤ ਜੀਉਣ ਸਿੰਘ ਜੀ ਮੁਸਲਮਾਨਾਂ ਕੋਲ ਗਏ ਤੇ ਕਿਹਾ ਕਿਸ ਨੇ ਪੁਕਾਰਾ; ਦਰਸ਼ਨ ਕਰਨਾ ਹੈ ਤੇ ਕਰ ਲਉ; ਕਾਜੀ ਨੇ ਕਿਹਾ ਕਿ ਮੈ ਖੁਦਾ ਦਾ ਪਿਉ ਹਾਂ;ਸੰਤਾਂ ਨੇ ਕੌਤਕ ਕੀਤਾ; ਦੁਰ ਫਿਟੇ ਮੂੰਹ ਖੁਦਾ ਦੇ ਪਿਉ ਦਾ। ਨਾਮ ਸਿਮਰਨ ਬੰਕੌਕ ਨਾਮ ਸਿਮਰਨ ਤੇ ਪਾਠ ਕਰਦੇ ਹਨ। ਰੇਸ਼ਮ ਸਿੰਘ ਕਨੇਡਾ...। ਸਨੇਹੀ ਨੇ ੧੦੦੦੦ ਗੈਲਨ ਪਾਣੀ ਦੀ ਇਜਾਜਤ ਲੰਡਨ ਮੇਅਰ ਤੋਂ ਲਈ। ਜਾਪਾਨ; ਘਰ ਵਿਚ ਖੂਹੀ; ਫਿਨਲੈਂਡ ਵਿਚ ਖੂਹੀ। ਜਾਪਾਨ ਵਿਚ ਭਾਰਤੀ ਸਭਿਅਤਾ; ਬੋਧ ਧਰਮ ਨਾਲ...।

੬੩ ੧:੦੪

੧੧ ਚੇਤਰ ੨੦੩੪ ਸੰਤ ਨਗਰ

ਆਪਨੇ ੩-੪ ਦਿਨ ਤੋਂ ਕੀਰਤਨ ਦੀਵਾਨ ਆਦਿ ਸੁਣਿਆ ਤੇ ਕੀਤਾ ਹੈ। **ਕਬੀਰ ਪਾਲਿ ਸਮੁਹਾ ਸਰਵਰੁ ਭਰਾ ਪੀ ਨ ਸਕੈ ਕੋਈ ਨੀਰੁ ॥ ਭਾਗ ਬਡੇ ਤੈ ਪਾਇਓ ਤੂੰ ਭਰਿ ਭਰਿ ਪੀਉ ਕਬੀਰ** ॥ ਮਾਇਆ ਵਾਲੇ ਪਾਸੋਂ ਹਟ ਕੇ ਸਾਧ ਸੰਗਤ ਵਲ ਆਏ ਹੋ। ਭਾਵਨਾ ਠੀਕ ਹੋਣੀ ਚਾਹੀਦੀ ਹੈ; ਮਤ ਵਿਚ ਉਜਰ ਨਹੀ। ਨਾਮਧਾਰੀ ਵੀ ਅਕ੍ਰਿਤਘਨ ਤੇ ਅਵਗਿਆ...; ਤੇ ਜੋ ਚੀਜਾਂ ਵਿਵਰਜਤ ਹਨ। ਹੀਰੇ ਦੀ ਕੀਮਤ ਹੈ ਲੋਹੇ ਦੀ ਨਹੀ; ਇਸੇ ਤਰਾਂ ਸਾਡੀ ਇਹ ਕੀਮਤ ਹੈ। ਅਪਣੀ ਮਰਜੀ ਨਾਲ ਕੰਮ ਗਲਤ ਹੋ ਜਾਂਦਾ ਹੈ। ਵਿਆਹਾਂ ਦੀਆਂ ਤਕਲੀਫਾਂ ਆਉਦੀਆਂ ਹਨ। ਇਕ ਸਿਖ ਕੋਲ ਪਠਾਨ ਨੇ ੫੦੦ ਮੋਹਰਾਂ ਰਖ ਦਿੱਤੀਆਂ; ਪੈਸੇ ਮੰਗੇ ਤਾਂ ਸਿਖ ਨੇ ਨਾ ਕਰ ਦਿਤੀ; ਤੇਲ ਦਾ ਕੜਾਹਾ...। **ਇਹੁ ਜਗੁ ਧੂਏ ਕਾ ਪਹਾਰ ॥ ਮਾਇਆ ਕੋ ਸੰਗੁ ਤਿਆਗੁ ਪ੍ਰਭ ਜੂ ਕੀ ਸਰਨਿ ਲਾਗੁ** ॥ ਹਰੀ ਬਾਵਾ ਦਾ ਲੜਕਾ; ਡ: ਗੌਰੀ ਸੰਕਰ...। ਐਸੇ ਸਾਧੂ ਸਾਡੇ ਦਰਬਾਰ ਵਿਚ ਆਉਣੇ ਚਾਹੀਦੇ ਹਨ। ਪੁਸਤਕਾਂ ਲੈ ਕੇ ਪੜੋ। ਤਰਲੋਕ ਸਿੰਘ; ਅਜਾਦੀ ਦਾ ਸਮਾਂ। ਹਰਿਆਣੇ ਦੇ ਹਾਲਾਤ ਠੀਕ ਨਾ ਹੋਣ ਦੇ ਬਾਵਜੂਦ ਸੰਤ ਨਗਰ ਹੋਲਾ ਸੋਹਣਾ ਹੋਇਆ ਹੈ। ਬਸਤਰ ਠੀਕ ਰਖੋ।

ਫੱਤੂ ਰਾਗੀ ਨੂੰ ਹੈਜ਼ਾ ਹੋ ਗਿਆ; ਸ਼ਰਾਬ ਨਹੀ ਪੀਤੀ। ਦੀਵਾਲੀ ਵਿਸਾਖੀ ਨੂੰ ਅਸੀਂ ਹਰਜਸ ਕਰਨਾ ਹੈ; ਦੂਜੇ ਸ਼ਰਾਬ ਪੀਂਦੇ ਹਨ; ਸਾਡਾ ਜੋੜ ਨਹੀ ਉਨਾਂ ਨਾਲ। **ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ** ॥ ਅਸੀ ਉਨਾਂ ਦੇ ਮਗਰ ਨਹੀ ਰੁੜਣਾ। ੧੩ ਅਨੰਦ ਹੋਣੇ ਹਨ; ਕੋਈ ਮਿਲਣੀ ਮੁਕਲਾਵਾ ਨਾ ਕਰਿਉ।

੨੯ ਅਸੂ ੨੦੭੭

ਕਪੜੇ ਭਾਵੇਂ ਜਿਸ ਤਰਾਂ ਦੇ ਹੋਣ ਮਨ ਠੀਕ ਹੋਣਾ ਚਾਹੀਦਾ ਹੈ ਪਰ ਮਨ ਉਨਾਂ ਦੇ ਪਹਿਲਾਂ ਹੀ ਬਿਗੜੇ ਹੁੰਦੇ ਹਨ। ਉਹ ਵੇਸ ਕਰਨਾ ਚਾਹੀਦਾ ਜੋ ਸਤਿਗੁਰੂ ਨੂੰ ਭਾਵੇ। ਮਾਈਆਂ ਅਪਣੇ ਬੱਚਿਆਂ ਦੇ ਪਹਿਰਾਵੇ ਠੀਕ ਬਨਾ ਕੇ ਰਖਣ। ਪ੍ਰਣ ਕੀਤਾ ਹੈ ਨਾਮ ਸਿਮਰਨ ਦਾ। ਸਤਿਗੁਰੂ ਪਾਸੇ ਤੁਰਨ ਨਾਲ ਇਥੇ ਤੇ ਉਥੇ ਸੁੱਖ ਮਿਲਦਾ ਹੈ। ਪੁਤਰਾਂ ਹਥੋਂ ਦੁਖੀ...। **ਸੁਖੁ ਮਾਂਗਤ ਦੁਖੁ ਆਗੈ ਆਵੈ ॥ ਬਟਾਊ ਸਿਉ ਜੋ ਲਾਵੈ ਨੇਹ ॥ ਤਾ ਕਉ ਹਾਥਿ ਨ ਆਵੈ ਕੇਹ** ॥ ਮਾਤਾ ਪਿਤਾ ਪੁਤਰ ਨੂੰ ਮਾਰ ਦਿੰਦੇ; ਭੈਣ ਭਰਾ ਨੂੰ; ਪਤਨੀ ਪਤੀ ਨੂੰ...। ਮਰਯਾਦਾ ਪੂਰੀ ਰਖੋ; ਈਰਖਾ ਛਡੋ; ਇਸ਼ਨਾਨ ਕਰੋ; ਮਾਲਾ ਫੇਰੋ। ਸਤਿਗੁਰੂ ਕਿਰਪਾ ਕੇ ਮਨ ਨਾਮ ਸਿਮਰਨ ਵਾਲਾ ਹੋਵੇ। ਨਾਲ ਜਾਣ ਵਾਲੀ ਚੀਜ ਮਰਯਾਦਾ ਹੈ। ਸਵਾ ਲੱਖ ਪਾਠ ਸ਼ਤਾਬਦੀ ਵਾਸਤੇ ਅਰੰਭ ਕੀਤੇ ਹਨ; ੩੦ ਕਾਪੀਆਂ ਸ਼ਬਦਾਂ ਦੀਆਂ ਰਹਿੰਦੀਆਂ ਹਨ।

ਦੀਵਾਲੀ

ਖੁਲਿਆਂ ਦਾ ਰਿਸ਼ਤਾ ਨਾ ਲਵੋ। ਆਪਣਾ ਮੂੰਹ ਬਾਹਰ ਨੂੰ ਹੋ ਗਿਆ ਹੈ। ਕਿਆਮਪੁਰ ਦਾ ਇਕ ਫੌਜੀ; ਨੀਅਤ ਸਾਫ; ਮਾਸ ਸ਼ਰਾਬ ਨਹੀ ਖਾਂਦਾ। ਪੁੱਤਰ ਤੇ ਸਿੱਖੀ ਮੁਲ ਨਹੀ ਮਿਲਦੀ; ਸਿੱਖੀ ਸਿਰ ਦੇ ਕੇ ਮਿਲੀ। ਮੰਗਲ ਸਿੰਘ ਦਿੱਲੀ; ਖੁਲਿਆਂ ਵਲ ਰਿਸ਼ਤਾ। ਦੁਨੀ ਚੰਦ ਗੁਰੂ ਨਾਨਕ ਦਾ ਸਿੱਖ...; ਦਿਨ ਰਾਤ ਦਾ ਮੇਲ; ਦੁਚਿਤੀ ਵਿਚ...। ਉਜਾਗਰ ਸਿੰਘ ਦੀ ਲੜਕੀ ਪ੍ਰੀਤੋ; ਭੂਤ ਚੰਮੜੇ...। ਜਿਸ ਨੂੰ ਬਿਮਾਰੀ; ੧ ਮਾਲਾ ਨਾਮ ਸਿਮਰਨ ਦੀ ਇਕ ਭਗੌਤੀਆਂ ਦੀ ੪੦ ਦਿਨ ਕਰੇ; ਅਰਾਮ ਆ ਜਾਏਗਾ। ਲੜਕੀਆਂ ਦੀ ਹਾਲਤ ਵਿਆਹ ਤੋਂ ਬਾਦ...। ਸਿਆਮ ਮੰਗਲ ਸਿੰਘ...। ਸਾਰਾ ਕੁਝ ਸਾਧ ਸੰਗਤ ਵਿਚ; ਸੁੱਖ ਦੁੱਖ; ਰਾਜੀ ਰੋਗੀ ਸਾਧ ਸੰਗਤ ਵਿਚ...। ਅੱਜ ਦੀਵਾਲੀ ਬਾਰੇ ਦਿਨ ਗੁਰੁ ਦੇ ਸਿੱਖਾਂ ਤੋਂ ਬਗੈਰ ਹੈ ਕੋਈ ਜੋ ਆਖੇ ਸ਼ਰਾਬ ਨਹੀ ਪੀਤੀ।

੬੪ ੧:੦੩

੨੪-੨-੭੦

ਸਤਿਗੁਰੂ ਰਾਮ ਸਿੰਘ ਜੀ ਬਾਰੇ...। ਪੰਜਾਬੀ ਬਹੁਤ ਥੋੜੀ ਜਿਹੀ ਜਗਾ ਵਿਚ ਹੋਈ ਜਾਂਦੇ ਹਨ। ਅੰਗਰੇਜ ਤੋਂ ਗਲਤ ਸਿਖਿਆ ਨਾ ਲਉ; ਸੇਵਾ ਕਰਨ ਦਾ ਢੰਗ ਸਿਖੋ। ਉਨਾਂ ਨੂੰ ਪੰਜਾਬੀ ਪੜਾ ਕੇ ਆਤਮ ਦਰਸ਼ਨ ਕਰਾਉ। ਢਾਈ ਕਰੋੜ ਪੰਜਾਬੀ ਪੜਦੇ ਸਨ ਹੁਣ ਸਿਰਫ ੮੦ ਲੱਖ ਰਹਿ ਗਏ ਹਨ। ਜੋ ਕੁਝ ਬਾਣੀ ਵਿਚ ਲਿਖਿਆ ਹੈ । **ਅਵਰ ਜੋਨਿ ਤੇਰੀ ਪਨਿਹਾਰੀ ॥ ਇਸੁ ਧਰਤੀ ਮਹਿ ਤੇਰੀ ਸਿਕਦਾਰੀ** ॥ ਜਰਮਨ ਦਾ ਬੰਦਾ ਅਫਰੀਕਾ ਵਿਚ...। ਅਸੀਂ ਬੈਲ ਦੀ ਜਰੂਰਤ ਨਹੀ ਪਹਿਚਾਨਦੇ। ਮਸ਼ੀਨਰੀ ਦਾ ਜੁਗ...। ਗਊ ਗਰੀਬ ਦੀ ਰਖਿਆ...। **ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ ॥ ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ** ॥ ਗਰੀਬੀ ਅੰਦਰ ਵਸਾਵੇ। ਜਾਪਾਨ ਵਿਚ ਭਾਰਤ ਦੀ ਸੰਸਕ੍ਰਿਤੀ ਮਿਲਦੀ ਹੈ; ਜੁੱਤੀ ਬਾਹਰ ਲਾਕੇ ਅੰਦਰ ਜਾਉ; ਜਾਪਾਨ ਦੀ ਟੈਕਸੀ ਡਰਾਇਵਰ ਨੇ ਦੂਸਰੀ ਗੱਡੀ ਸਾਫ ਕੀਤੀ। ਸੁਹੇਵੇ ਸਾਹਿਬ ਜਿਸ ਮੰਜੇ ਤੇ ਜੁਤੀ ਦਾ ਪੈਰ ਨਹੀ ਜਾਂਦਾ ਸੱਪ ਨਹੀ ਚੜਦਾ। ਮਹਾਰਾਜ ਨਿਹਾਲ ਸਿੰਘ ਦਾ ਲੜਕਾ ਠਾਕਰ ਸਮਸ਼ੇਰ ਸਿੰਘ ਬੰਬਈ ਕਸਟਮ ਵਿਚ...। **ਸਾਈ ਸੋੁਹਾਗਣਿ ਸਾਈ ਭਾਗਣਿ ਜੈ ਪਿਰਿ ਕਿਰਪਾ ਧਾਰੀ ॥ ਪਿਰਿ ਅਉਗਣ ਤਿਸ ਕੇ ਸਭਿ ਗਵਾਏ ਗਲ ਸੇਤੀ ਲਾਇ ਸਵਾਰੀ** ॥ ਛੂਤਛਾਤ ਨੂੰ ਅੰਦਰੋਂ ਖਤਮ ਕਰੋ। ਚਿਟਿਆਈ ਅੰਦਰ ਨੂੰ ਜਾਵੇ।

੩੦-੧੧-੬੭ ਹਰਨਾਮ ਸਿੰਘ ਦਾ ਭੋਗ

ਅਗੇ ਚੱਕੀ ਚਲੀ ਹੁਣ ਖਰਾਸ ਚਲਣਾ ਹੈ...। ਸਮੁੰਦਰ ਵਿਚ ਹੱੜ...। ਬਾਣੀ ਵਿਚ ਬਹੁਤ ਕੁੱਝ ਲਿਖਿਆ; ਨਾਮ ਸਿਮਰਨ ਦੀ ਕਮਾਈ ਕਰੋ...। **ਆਵਧ ਕਟਿਓ ਨ ਜਾਤ ਪ੍ਰੇਮ ਰਸ ਚਰਨ ਕਮਲ ਸੰਗਿ** । ਭਾਈ ਤਾਰੂ ਸਿੰਘ ਦੇ ਕੇਸ ਨਹੀ ਕੱਟੇ...। ਕੇਹਰ ਸਿੰਘ ਦਾ ਲੈਕਚਰ; ਜਿਹੜੇ ਦਾੜੀ ਬੰਨਦੇ ਹਨ ਦਾੜੀ ਕੱਟੀ ਦੇ ਬਰਾਬਰ

ਹੈ। ਇਕ ਮਾਈ ਸੁਹੇਵੇ ਸਾਹਿਬ; ਘੋੜਿਆਂ ਦੀ ਸੇਵਾ ਕੀਤੀ...। ਸਤਿਗੁਰੂ ਦੇ ਹੁਕਮ ਵਿਚ ਹੀ ਭਲਾ ਹੁੰਦਾ ਹੈ...। ਸਿਕੰਦਰ ਤੇ ਅੰਮ੍ਰਿਤ ਦਾ ਪਿਆਲਾ...। **ਕਬੀਰ ਪਾਲਿ ਸਮੁਹਾ ਸਰਵਰੁ ਭਰਾ ਪੀ ਨ ਸਕੈ ਕੋਈ ਨੀਰੁ ॥ ਭਾਗ ਬਡੇ ਤੈ ਪਾਇਓ ਤੂੰ ਭਰਿ ਭਰਿ ਪੀਉ ਕਬੀਰ** ॥ ਇਕ ਪੰਡਤ ਨੇ ਜੋਤਿਸ਼ ਦੀ ਵਿਦਿਆ ਪੜਕੇ; ਪਾਰਸ ਦੀ ਬੱਟੀ; ਰਾਜੇ ਦੀ ਲੜਕੀ ਕੋਲ...। **ਬਿਨੁ ਭਾਗਾ ਦਰਸਨੁ ਨਾ ਥੀਐ ਭਾਗਹੀਣ ਬਹਿ ਰੋਇ** ॥ ਗੁਰਬਾਣੀ ਦੀਆਂ ਤੁਕਾਂ ਸਫਲ ਕੀਤੀਆਂ । **ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ** ॥ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨੂੰ ਸਿਖ ਗਏ । **ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ ॥ ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ** ॥ ਸ਼ਤਾਬਦੀਆਂ ਮਨਾਈਆਂ ਹਨ ਪਰ ਕੀਤਾ ਕੀ ਹੈ...। ਨੌਜਵਾਨ ਸੁਵੇਰੇ ੩ ਘੰਟੇ ਨਾਮ ਸਿਮਰਨ ਕਰਕੇ ਕੰਮ ਕਰਨ...। ਅਕਬਰ ਬੀਰਬਲ; ਬੱਚੇ ਨੂੰ ਬੇੜੀ ਦੇ ਸੁੱਖ ਦਾ ਨਹੀ ਪਤਾ...। ਸਵਾ ਲੱਖ ਪਾਠਾਂ ਵਿਚ ਹਿਸਾ ਪਾਉ ਤੇ ਸਾਡੀ ਸ਼ਤਾਬਦੀ ਹੋਰ ਸਫਲ ਹੋ ਸਕਦੀ ਹੈ। ਗੋਬਿੰਦ ਭਾਉ ਭਗਤ ਕਾ ਭੁਖਾ। ਕਮ ਸੇ ਕਮ ੧ ਘੰਟਾ ਨਾਮ ਸਿਮਰਨ ਕਰੋ। **ਜਿਸੁ ਨਾਮੁ ਰਿਦੈ ਸੋਈ ਵਡ ਰਾਜਾ** ।

ਸੰਤ ਉਤਮ ਸਿੰਘ ਦਾ ਭੋਗ ਜਗਾਧਰੀ

ਸਭਨਾ ਮਰਣਾ ਆਇਆ ਵੇਛੋੜਾ ਸਭਨਾਹ । ਚੰਦਰਮਾ ਤੋਂ ਜੋ ਆਏ ਉਨਾਂ ਦਾ ਸਤਕਾਰ ਕਰਦੇ ਹਾਂ। **ਡਡਾ ਡੇਰਾ ਇਹੁ ਨਹੀ ਜਹ ਡੇਰਾ ਤਹ ਜਾਨੁ** ॥ ਕੁਤੇ ਲੜਦੇ ਹਨ ਉਨਾਂ ਦੀ ਕੀ ਖੁਰਾਕ ਹੈ। ਅੰਮ੍ਰਿਤਸਰ ਇਕ ਗੁਰਦਵਾਰੇ ਦੇ ਥੱਲੇ ਦੁਕਾਨ ਮਾਸ ਵਾਲੀ...। ਜਰਮਨ ਦਾ ਬੰਦਾ ਅਫਰੀਕਾ ਵਿਚ...। ਲੜਾਈ ਦੀ ਉਹੀ ਗੱਲ ਹੈ...। ਬਾਣੀ ਵਿਚ ਜੋ ਲਿਖਿਆ ਹੈ ਉਹ ਸਾਡੇ ਭਲੇ ਲਈ ਹੈ। ਇਕ ਸਿੰਘ ਚੜਾਈ ਕਰਕੇ ਵਾਪਸ ਆ ਗਿਆ । ਅਗੇ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪਹਿਰਾ। ਅਗੇ ਸੁੱਖ ਲੈਣਾ ਤਾਂ ਨਾਮਧਾਰੀ ਬਣ ਜਾਉ। **ਜਿਸੁ ਨਾਮੁ ਰਿਦੈ ਸੋਈ ਵਡ ਰਾਜਾ** । ਬਾਣੀ ਵਿਚ ਗਿਆਨੀ ਦੇ ਲੱਛਣ...। ਗੁਰਮੁੱਖ ਸਿੰਘ ਲੁਧਿਆਣੇ; ਉਗਰਦੰਤੀ ਦਾ ਪਾਠ ਕਰੋ। **ਸਕਲ ਜਗਤ ਮੋ ਖਾਲਸਾ ਪੰਥ ਗਾਜੈ ॥ ਜਗੈ ਧਰਮ ਹਿੰਦੁਕ ਤੁਰਕ ਦੁੰਦ ਭਾਜੈ** ॥ ਇਕ ਸਿੱਖ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਨ ਆਇਆ; ਅਗੇ ਪਹਿਰਾ ਸੀ; ਗਰਦਨ ਕੱਟ ਦਿਤੀ...। **ਆਵਧ ਕਟਿਓ ਨ ਜਾਤ ਪ੍ਰੇਮ ਰਸ ਚਰਨ ਕਮਲ ਸੰਗਿ** ॥ ਧਿਆਨ ਸਤਿਗੁਰਾਂ ਦੇ ਚਰਨਾਂ ਵਿਚ ਲਾਵੋ। ਨਾਮਧਾਰੀ ਵਿਆਹ ਖੁੱਲਿਆ ਵਲ ਨਾ ਕਰੋ। **ਜਾਮਿ ਗੁਰੂ ਹੋਇ ਵਲਿ ਲਖ ਬਾਹੇ ਕਿਆ ਕਿਜਇ** ॥ ੮੮੦੦੦ ਸਾਲ ਦਾ ਤੱਪ ਕੰਜਰੀ ਦਾ ਗੌਨ ਸੁਣ ਕੇ ਖਤਮ ਹੋ ਗਿਆ। ਸਹਾਰਨਪੁਰ ਦਾ ਇਕ ਲਾਲਾ; ਬਾਹਰੋਂ ਨਹੀ ਛਕਿਆ...।

੬੫ ੧:੦੪

੧੬ ਹਾੜ ੨੦੩੫ ਜੰਮੂ

ਭਾਰਤ ਦੇ ਕਿਸੇ ਵੱਡੇ ਅਖਬਾਰ ਵਿਚ ਇਕ ਸਿੱਖ ਦਾ ਲੇਖ ਗੁਰੂ ਗੋਬਿੰਦ ਸਿੰਘ ਜੀ ਬਾਰੇ ਕਿ ਉਨਾਂ ਨੇ ਦੇਹਧਾਰੀ ਗੁਰੂ ਨੂੰ ਖਤਮ ਕੀਤਾ...। ਇਨਾਂ ਸਿੰਘਾਂ ਮੁਤਾਬਕ ਗਊ ਖਾਣਾ ਸਿੱਖ ਧਰਮ ਵਿਚ ਜਾਇਜ ਹੈ; ਉਗਰਦੰਤੀ- **ਯਹੀ ਦੇਹ ਆਗਿਆ ਤੁਰਕਨ ਗਹਿ ਖਪਾਊਂ ॥ ਗਊ ਘਾਤ ਕਾ ਦੋਖ ਜਗ ਸਿਉਂ ਮਿਟਾਊਂ** ॥ ਭੋਪਾਲ ਪੰਡਤ ਗੋਪਾਲ ਸਿੰਘ ਨੇ ਮਾਸ ਸ਼ਰਾਬ ਛਡਾਇਆ; ਕੋਈ ਹੋਰ ਪ੍ਰਚਾਰਕ ਨੇ ਲੈਕਚਰ ਕੀਤਾ ਕਿ ਖਾਣਾ ਜਾਇਜ ਹੈ...। ਪਾਠਾਂ ਬਾਰੇ...। ਇਹ ਸਾਰੇ ਅਕਾਲੀ ਨੇ ਕਾਲੇ ਤੇ ਚਿੱਟੇ...। ਗਿਆਨੀ ਜ਼ੈਲ ਸਿੰਘ ਨੇ ਸੁਨੇਹਾ ਭੇਜਿਆ ਕਿ ਤੁਸੀਂ ਇਨਾਂ ਨਾਲ ਗਲਬਾਤ ਕਰ ਲਉ...।

੧੭ ਹਾੜ ਪ੍ਰੀਤਮ ਸਿੰਘ ਦਾ ਭੋਗ

ਦੀਨ ਦਇਆਲ ਦਇਆ ਨਿਧਿ ਦੋਖਨ ਦੇਖਤ ਹੈ ਪਰ ਦੇਤ ਨ ਹਾਰੈ॥ ਬਾਣੀ ਵਿਚ ਲਿਖੇ ਅਨੁਸਾਰ ਪ੍ਰੀਤਮ ਸਿੰਘ ਨੇ ਕੋਸ਼ਿਸ਼ ਕੀਤੀ...। ਦੂਜੇ ਸੋਚਦੇ ਹਨ ਕਿ ਨਾਮਧਾਰੀ ਸਾਥੋਂ ਛਕਦੇ ਕਿਉਂ ਨਹੀ...। ਪੰਜਾਬ ਦੇ ਕਈ

ਖੰਡ ਹੋ ਗਏ; ਫਰਾਇੰਟਰ ਨਿਕਲਿਆ; ਪਾਕਸਤਾਨ ਨਿਕਲਿਆ; ਪੰਜਾਬੀ ਸੂਬਾ ਬਨਿਆ...। ਢਾਈ ਕਰੋੜ ਪੰਜਾਬੀ ਪੜਨ ਵਾਲੇ ਸਨ ਹੁਣ ੮੦ ਲਖ ਰਹਿ ਗਏ। ਇਹ ਕਿਨਾਂ ਨੇ ਕੀਤਾ...; ਜੋ ਟੁਕੜੇ ਟੁਕੜੇ ਕਰ ਦਿੱਤਾ ਪੰਜਾਬ ਦਾ। ਦੋ ਮੁਖੀ ਲੀਡਰ ਮਿਲੇ ਪੰਜਾਬੀ ਸੂਬੇ ਬਾਰੇ...। ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ ॥ ਅਸੀਂ ਕਿਉਂ ਵਖਰੇ ਹਾਂ; ਸਤਿਗੁਰੂ ਪ੍ਰਤਾਪ ਸਿੰਘ ਜੀ ਅੰਨ ਜਲ ਨਹੀ ਸਨ ਛਕਦੇ ਜੋ ਸੋਧੀ ਨਾ ਹੋਵੇ। ਮਾਸ ਸ਼ਰਾਬ ਨਾ ਛਕਦੇ ਹੋਣ। ਉਨਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਵਿਚ ਇਕੱਠ ਕੀਤਾ; ੧੦ ਪਾਤਿਸ਼ਾਹੀਆਂ ਦੀ ਅਰਦਾਸ ਕਰਵਾਈ...।

ਮਨ ਵਿਚ ਬਲਵਾਨ ਹੋ ਸਕੀਏ; ਸਤਿਗੁਰੂ ਵਲ ਪਾਸ ਹੋਈਏ...। **ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲ ਕਮਲੇਹਿ** ॥ ਲੈਲਾ ਨੇ ਮਜਨੂੰ ਦਾ ਭਾਡਾਂ ਤੋੜ ਦਿਤਾ...। ਅਮਰ ਸਿੰਘ ਜਲੰਧਰ ਵਾਲਾ; ੨੦ ਦਸੰਬਰ ਨੂੰ ਦਸੇ ਸਮੇਂ ਅਨੁਸਾਰ ਸਰੀਰ ਛਡਿਆ...। ਸਤਿਗੁਰੂ ਦਾ ਸਿੱਖ ਨਾਲ ਪਿਆਰ...। ਸਤਿਗੁਰੂ ਰਾਮ ਸਿੰਘ ਜੀ ਦੀ ਨਿੰਦਾ ਹੋਈ; ਕਿਸ ਕਿਸ ਦੀ ਨਿੰਦਿਆ ਨਹੀ ਹੋਈ...। ਬਹੁਤੇ ਵਿਚਾਰਾਂ ਵਿਚ ਪੈਣ ਦੀ ਜਰੂਰਤ ਨਹੀ; ਸਤਿਗੁਰੂ ਦਾ ਉਪਦੇਸ਼ ਮੰਨੋ। ਜੋਗਾ ਸਿੰਘ ਨਾਮਧਾਰੀ ਫੌਜ ਵਿਚ ਇਨਾਂ ਕਪੜਿਆਂ ਵਿਚ ਰਹਿੰਦਾ ਹੈ...। **ਚਰਨ ਸਰਨਿ ਗੁਰ ਏਕ ਪੈਡਾ ਜਾਇ ਚਲ ਸਤਿ ਗੁਰ ਕੋਟਿ ਪੈਡਾ ਆਗੇ ਹੋਇ ਲੇਤ ਹੈ** । **ਕਬੀਰ ਦੀਨੁ ਗਵਾਇਆ ਦੁਨੀ ਸਿਉ ਦੁਨੀ ਨ ਚਾਲੀ ਸਾਥਿ** ॥

ਮ੍ਰਿਤ ਮੰਡਲ ਜਗੁ ਸਾਜਿਆ ਜਿਉ ਬਾਲੂ ਘਰ ਬਾਰ ॥ ਜੇ ਸਤਿਗੁਰੂ ਦੀ ਕਿਰਪਾ ਨਾਲ ਬਾਣੀ ਅੰਦਰ ਵਸ ਜਾਵੇ ਤਾਂ ਬਾਣੀ ਪੜਣ ਦੀ ਲੋੜ ਨਹੀ ਰਹਿੰਦੀ...। ਗੁਰੂ ਗੋਬਿੰਦ ਸਿੰਘ ਜੀ ਦਾ ਸਿੱਖ ਪਾਠ ਕਰਦਾ; ਗਰੰਥ ਸਾਹਿਬ ਸੰਤੋਖ ਦਿਤਾ...। **ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ** ॥ ਭਾਈ ਘਨੀਈਆ ਤੇ ਸਤਿਗੁਰਾਂ ਕਿਰਪਾ ਕੀਤੀ...। ਜਦੋਂ ਚਿਤ ਲਾਈਦਾ ਹੈ ਤਾਂ ਦੁੱਖ ਸੁੱਖ ਖਤਮ ਹੋ ਜਾਂਦਾ ਹੈ। ਸਤਿਗੁਰੂ ਹਰੀ ਸਿੰਘ ਸਮੇਂ ਮੰਗਲ ਸਿੰਘ ਪਹਿਲਵਾਨ; ਘਰ ਦੋ ਸਕੀਆਂ ਭੈਣਾਂ...। ਇਕ ਸਿੰਘ ਚੜਾਈ ਕਰਕੇ ਵਾਪਸ ਆਇਆ ਤੇ ਦਸਿਆ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪੇਹਰਾ ਹੈ। **ਪੁਤ੍ਰ ਕਲਤ੍ਰ ਲਛਮੀ ਮਾਇਆ** ॥ ਸੁੱਖ ਉਸ ਨੂੰ ਪ੍ਰਾਪਤ ਹੁੰਦਾ ਹੈ ਜੋ ਸਤਿਗੁਰੂ ਪਾਸੇ ਵਲ ਹੈ । ਕਿਲੇ ਵਾਲੇ ਦਾ ਸੇਵਕ ...। ਸੰਤ ਕੇਸਰ ਸਿੰਘ ਮੁਹਾਵੇ ਵਾਲੇ; ਮੈਂ ਤਾਂ ਰਾਮੇ ਦਾ...। ਸੰਤ ਗੁਲਾਬ ਸਿੰਘ ਵਰਨਾਂ ਵਾਲੇ। ਉਨਾਂ ਦੇ ਭਾਣੇ ਨਾ ਕੁੱਤਾ ਨਾ ਕਾਂ...। **ਫਰੀਦਾ ਜੇ ਤੂ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ** ॥ ਪਾਕਸਤਾਨ ਸਮੁੰਦਰ ਵਿਚ ਹੜ ਆਇਆ...। **ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ** ॥ **ਭਗਤ ਵਛਲ ਸੁਨਿ ਹੋਤ ਹੋ ਨਿਰਾਸ ਰਿਦੈ ਪਤਿਤ ਪਾਵਨ ਸੁਨਿ ਆਸਾ ਉਰਧਾਰਿ ਹੌਂ** । ਭਾਈ ਗੁਰਦਾਸ ਕਾਂਸੀ ਵਿਚ...।

ਭਾਈ ਹਰਨਾਮ ਸਿੰਘ ਦਾ ਦਿਨ; ਇਕ ਘੰਟਾ ਨਾਮ ਸਿਮਰਨ; ਸੂਰਜ ਤੋਂ ਪਹਿਲਾਂ ਸਣਕੇਸੀ ਇਸ਼ਨਾਨ। ਰੋਟੀ ਰਹਿ ਜਾਵੇ; ਸਭ ਕੁਝ ਰਹਿ ਜਾਵੇ; ਨਾਮ ਸਿਮਰਨ ਨਾ ਰਹੇ; ਬੱਧੇ ਰੁੱਧੇ ਭਾਵੇਂ ਕਰੋ। ਬੱਚਿਆਂ ਨੂੰ ਇਸ਼ਨਾਨ ਕਰਾਕੇ; ਨਾਮ ਸਿਮਰਨ ਕਰਾ ਕੇ; ਅਰਦਾਸ ਕਰਾ ਕੇ ਸਕੂਲ ਭੇਜੋ। ਸਲਵਾਰਾਂ ਉਨਾਂ ਮੁਸਲਮਾਨਾਂ ਦੀਆਂ ਹਨ ਜਿਨਾਂ ਨੇ ਸਾਨੂੰ ਉਦਰੋਂ ਕੱਢਿਆ। ਪ੍ਰਤਾਪ ਸਿੰਘ ਕੈਰੋਂ- ਕੂਕਿਉ ਤੁਸੀਂ ਸੱਚੇ ਤੁਸੀਂ ਸੱਚੇ ਤੁਸੀਂ ਸੱਚੇ।

ਇਕ ਸਿੱਖ ਮਕਾਨ ਵਿਚ ਅੱਗ ਤੇ ਧੂਆਂ; ਬੱਚ ਗਿਆ। ਸੰਤ ਆਲਾ ਸਿੰਘ ...। ਮਰਯਾਦਾ ਰਖੋ...।

ਕਲ ਦਰਬਾਰ ਦੀ ਮੀਟਿੰਗ ਹੋਈ ਹੈ; ਆਪਾਂ ਗਲਤ ਵਿਚਾਰ ਨਾ ਕਰੀਏ। ਵਿਆਹ ਦੀਆਂ ਤਰੀਕਾਂ ਲਿੱਖ ਲਉ; ਸਗਣਾਂ ਦੀਆਂ ਤਰੀਕਾਂ ਨਾ ਲਿਖੋ। **ਨਾਚੁ ਰੇ ਮਨ ਗੁਰ ਕੈ ਆਗੈ** ॥ ਸੇਠ ਗੁਰਮੁਖ ਸਿੰਘ; ਘੁੰਘਰੂ ਬਨ ਕੇ ਦੀਵਾਨ ਵਿਚ ਨੱਚਦੇ ਸਨ। ਲੈਣ ਦੇਣ ਬਿਲਕੁਲ ਬੰਦ ਕਰੋ; ਰੋਟੀ ਦੀ ਸਾਂਝ ਵਿਚ ਲੜਕੀ ਦੀ ਸਾਂਝ...। ਸਵਾ ਲੱਖ ਪਾਠ ਹੋਏ ਹਨ; ਸਤਿਗੁਰੂ ਜੀ ਗਲਤੀਆਂ ਬਖਸ਼ੀਆਂ ਜਾਣ ਤੇ ਦਰਸ਼ਨ ਹੋਵੇ...। ਇਸ ਪਿੰਡ ਦੇ ਬਹੁਤ ਭਾਗ ਹਨ...। ੨੦੦੦ ਪਾਠੀ ਚਾਹੀਦਾ ਹੈ ਪਾਠ ਕਰਨ ਵਾਸਤੇ; ਸਵਾ ਲਖ ਪਾਠ ਹੋ ਸਕਦੇ ਹਨ...। ਸਵਾਮੀ ਤਖਤ ਸਿੰਘ ਪ੍ਰਸ਼ਾਦਾ ਨਹੀ ਛਕਿਆ। ਦੋ ਵੇਲੇ ਭਾਣੇ ਦੇ ਬਚਨ ਜਰੂਰ ਕਰੋ...। ਜਿੰਨਾ ਨੇ ਮੇਲਾ ਕੀਤਾ ਉਨਾਂ ਦਾ ਧੰਨਵਾਦ; ਜਿੰਨਾ ਨੇ ਅੜਿੱਕਾ ਪਾਇਆ ਉਨਾਂ ਦਾ ਵੀ ਧੰਨਵਾਦ...। ੧ ਘੰਟਾ ਨਿਤਨੇਮ ਜਰੂਰ ਕਰੋ। ਜਿਨਾਂ ਸੇਵਾ ਕੀਤੀ ਸਾਰਿਆ ਦਾ ਬਹੁਤ ਬਹੁਤ ਧੰਨਵਾਦ।

੯-੪-੭੬ ਫਗਵਾੜੇ

ਕੀਰਤਨ ਦਾ ਰਸ ਲਿਆ; ਕਥਾ ਸੁਣੀਆਂ; ਭਾਈ ਮੰਜ ਦੀ ਕਥਾ ਸੁਣੀ ਹੈ...। **ਹਉਮੈ ਰੋਗੁ ਮਾਨੁਖ ਕਉ ਦੀਨਾ** ॥ **ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ ॥ ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ** ॥ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਦ ਸਿੱਖੀ ਦੀ ਹਾਲਤ...। **ਜੈਸੇ ਜਲ ਮਧਿ ਮੀਨ ਮਹਿਮਾ ਨ ਜਾਨੈ ਪੁਨਿ ਜਲ ਬਿਨ ਤਲਫ ਤਲਫ ਮਰਿ ਜਾਤਿ ਹੈ**।ਅਕਬਰ ਬੀਰਬਲ; ਬੇੜੀ ਵਿਚ ਬੱਚਾ ਰੋਂਦਾ ਸੀ;ਬੱਚੇ ਨੂੰ ਬੇੜੀ ਦੇ ਸੁੱਖ ਦਾ ਪਤਾ ਨਹੀਂ...। ਅੰਗਰੇਜ ਦੇ ਰਾਜ ਵਿਚ ਸਿੱਖਾਂ ਨੂੰ ਗੁਰੂ ਤੋਂ ਲਾਂਭੇ ਕਰ ਦਿੱਤਾ; ਸਿੰਘ ਸਭਾਵਾਂ ਬਨੀਆਂ; ਗਰੰਥ ਸਾਹਿਬ ਨੂੰ ਕਾਇਮ ਕੀਤਾ; ਇਨਾਂ ਨੇ ਲਿਖਿਆ ਕਿ ਅੰਗਰੇਜ ਭਗਤੀ ਸਿੱਖਾਂ ਵਾਸਤੇ ਜਰੂਰੀ ਹੈ। ਚਿਤਵਤ ...। ਧੰਨ ਧੰਨ ਪਿਤਾ.. ਲਏ ਛਡਾਇ। ਸਿੱਖ ਬਾਣੀ ਦੇ ਇਸ ਪੱਖ ਨੂੰ ਮੰਨਣਾ ਛਡ ਦੇਣ...। ਦਸਮ ਦੀ ਬਾਣੀ ਤੋਂ ਮੁਨਕਰ...। ਇਕ ਸਿੱਖ ਲੀਡਰ ਨੇ ਕਿਹਾ ਕਿ ਦਸਮ ਗਰੰਥ ਗੁਰਬਾਣੀ ਨਹੀ; ਚੰਡੀ ਦੀ ਵਾਰ ਦੀਆਂ ੨ ਪਉੜੀਆਂ ਗੁਰਬਾਣੀ ਹਨ ਬਾਕੀ ਨਹੀ...। ਕੁਮਾਰ ਭਟ; ਜੇ ਮੇਰਾ ਗੁਰੁ ਸੱਚਾ; ਗੁਠਾ ਟੁੱਟ ਗਿਆ...। ਦੁਸ਼ਮਨ ਉਹ ਵੀ ਹੈ । **ਮੁਸਨਹਾਰ ਪੰਚ ਬਟਵਾਰੇ ॥ ਸੂਨੇ ਨਗਰਿ ਪਰੇ ਠਗਹਾਰੇ** ॥ **ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ** ॥ **ਸਤਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ** ॥ **ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ ॥ ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥ** ॥ ਗੁਰੂ ਉਥੇ ਸਹਾਇਤਾ ਕਰਦਾ ਹੈ ਜਿਥੇ ਕੋਈ ਮਦਦ ਨਹੀ ਕਰਦਾ...। ਗੁਰੂ ਕਿਸ ਤਰਾਂ ਦਾ ਹੈ...। **ਹਰਿ ਨਾਮੁ ਦੀਆ ਗੁਰਿ ਪਰਉਪਕਾਰੀ ਧਨੁ ਧੰਨੁ ਗੁਰੂ ਕਾ ਪਿਤਾ ਮਾਤਾ** ॥ ਪ੍ਰੀਤਮ ਕੇ ਦੇਸ । ਬਾਂਦਰ ਬੰਨਿਆ ਹੋਇਆ ਕਿਸੇ ਦਾ ਨੁਕਸਾਨ ਨਹੀ ਕਰ ਸਕਦਾ । ਜਦੋਂ ਨਾਮ ਸਿਮਰਨ ਦਾ ਰਸ ਆਇਆ **ਰਾਰਾ ਰਸੁ ਨਿਰਸ ਕਰਿ ਜਾਨਿਆ ॥ ਹੋਇ ਨਿਰਸ ਸੁ ਰਸੁ ਪਹਿਚਾਨਿਆ** ॥ **ਕੂਟਨੁ ਸੋਇ ਜੁ ਮਨ ਕਉ ਕੂਟੈ** ॥ ਮੁਠੱਡੇ ਸੰਤ ਮਈਆ ਸਿੰਘ; ਖੂਹ ਵਿਚੋਂ ਕੱਢਿਆ; ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬਚਾਇਆ। ਮਲੂਕ ਸਿੰਘ ਸੰਤ ਨਗਰ ...। ਰੰਗੂਨ ਗੁਰਦਵਾਰੇ ਨੂੰ ਜੰਦਰੇ ਲਗੇ; ੧੯੩੪ ਵਿਚ ਇਕੱਠ ਕੀਤਾ...। ੧੦ ਪਾਤਿਸ਼ਾਹੀਆਂ ਦਾ ਅਰਦਾਸਾ ਕੀਤਾ...।

੫-੧੨-੭੮ ਜੰਡਾਲੀ

ਗੁਰਬਾਣੀ ਦਾ ਕੀਰਤਨ ਸੁਣਿਆ; ਜਥੇਦਾਰਾਂ ਦੇ ਦੀਵਾਨ ਸੁਣੇ। ਦੋ ਧਿਰਾਂ ਵਿਚ ਕਦੇ ਕਿਸੇ ਦੀ ਜਿਤ ਹੋਈ ਹੈ...। ਵੋਟਾਂ ਵਿਚ ਜਿਤ ਹਾਰ...। ਦੇਵ ਦੈਤਾਂ ਦੇ ਦੋ ਪੱਖ ਬਨਾ ਕੇ ਲੜਾਈ ਹੁੰਦੀ ਹੈ...। ਸਤਿਗੁਰੂ ਰਾਮ ਸਿੰਘ ਜੀ ਨੇ ਦੇਵਤੇ ਬਨਾਏ । **ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ** ॥ ਭਜਨ ਲੈਕੇ ਜਿੰਦਗੀ ਬਦਲ ਗਈ । ਸਿੱਖ ਮਤ ਵਿਚ ਵੀ ਦੋ ਪੱਖ; ਗੁਰੂ ਤੇਗ ਬਹਾਦਰ ਨੂੰ ਦਰਬਾਰ ਸਾਹਿਬ ਨਹੀ ਜਾਣ ਦਿਤਾ; ਸਤਿਗੁਰੂ ਰਾਮ ਸਿੰਘ ਜੀ ਨੂੰ ਵੀ ਜਾਣ ਤੋਂ ਰੋਕਿਆ। ਇਹ ਲੜਾਈ ਚਲਦੀ ਹੈ । ਸਾਡਾ ਪੱਖ ਦੇਵਤਿਆ ਵਾਲਾ ਹੋਣਾ ਚਾਹੀਦਾ ਹੈ; ਮਰਯਾਦਾ ਸਾਨੂੰ ਸੋਹਣੀ ਲਗੇ। ੧੯੩੪ ਰੰਗੂਨ ਗੁਰਦਵਾਰੇ ਨੂੰ ਜਿੰਦਰੇ ਲਗੇ; ਪ੍ਰਧਾਨ ਕੌਣ ਹੋਵੇ; ੧੯੩੫ ਵਿਚ ਨਾਨਕ ਨਾਮ ਲੇਵਾ ਕੰਨਫਰੰਸ ਕੀਤੀ; ੧੦ ਪਾਤਿਸ਼ਾਹੀਆਂ ਦਾ ਅਰਦਾਸਾ...। ਸੰਤ ਤਾਰਾ

ਸਿੰਘ ਬਲਾ ਚੌਰ ਵਾਲੇ; ਮਾਸ ਸ਼ਰਾਬ ਦਾ ਤਿਆਗ ਕਰਾਉਂਦੇ ਹਨ...। ਗੁਰੂ ਦੇ ਕੁੱਤਿਆ ਵਿਚ ਕਰਾਮਾਤ...। **ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥ ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ** ॥ ਸਾਡੇ ਮਨ ਚੰਗੇ ਪਾਸੇ ਲਗਣ...। ਉਸੁ ਸਾਚੇ ਦੀਬਾਨ ਮਹਿ ਪਲਾ ਨ ਪਕਰੈ ਕੋਇ ॥ **ਅਮਲੀ ਅਮਲੁ ਨ ਅੰਬੜੈ ਮਛੀ ਨੀਰੁ ਨ ਹੋਇ ॥ ਜੋ ਰਤੇ ਸਹਿ ਆਪਣੈ ਤਿਨ ਭਾਵੈ ਸਭੁ ਕੋਇ** ॥ ਗੁਰੂ ਕਾਲ ਗੁਰੂ ਨਾਨਕ ਤੋਂ ਗੁਰੂ ਗੋਬਿੰਦ ਸਿੰਘ ਜੀ ਤਕ...। ਹਮੇਸ਼ਾਂ ਤੋਂ ਗੁਰੁ ਹੈ; ਗੁਰੂ ਹੋਰ ਕਿੰਨੀ ਬਾਣੀ ਰੱਚ ਸਕਦੇ ਹਨ...। **ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ ॥ ਕਹੁ ਨਾਨਕ ਇਹ ਜਗਤ ਮੈ ਕਿਨ ਜਪਿਓ ਗੁਰ ਮੰਤੁ** ॥

੬੭ ੧:੦੨

ਗਲਤ ਰਿਸ਼ਤਾ ਕੀਤਾ। ਜੇ ਮੁੰਡਾ ਕੁੜੀ ਨਾ ਮੰਨਣ ਤਾਂ ਛੱਡੋ...। ਸਤਿਗੁਰਾਂ ਦੀ ਇਹ ਕਿਰਪਾ ਨਹੀ, ਬਹੁਤੇ ਵਿਆਹ ਨਾ ਕਰੋ।

ਬੜੇ ਚਿਰ ਤੋਂ ਚੁੱਪ ਸੀ। **ਇਕਿ ਦਾਤੇ ਇਕਿ ਭੇਖਾਰੀ ਜੀ ਸਭਿ ਤੇਰੇ ਚੋਜ ਵਿਡਾਣਾ ॥** ਜਿਹੜੇ ਇਥੇ ਵਿਆਹ ਹੁੰਦੇ ਹਨ ਤੇ ਜਾ ਕੇ ਮਿਲਣੀ ਮੁਕਲਾਵੇ ਨਾ ਕਰੋ...। ਜਿਨਾਂ ਨੂੰ ਵਿਆਹ ਦੀ ਗਲ ਪਸੰਦ ਨਹੀ ਉਹ ਇਥੇ ਨਾ ਆਇਆ ਕਰਨ। ਖੁਲਿਆਂ ਵਲ ਰਿਸ਼ਤਾ...। ਅੰਮ੍ਰਿਤਸਰ ਦੀ ਧਰਮਸਾਲਾ ਨਹੀ ਮਿਲੀ...। ਦਿੱਲੀ ਗਲਤ ਜਥੇਬੰਦੀ ਬਨੀ ਹੈ...।

੧੫-੯-੭੭ ਅੰਮ੍ਰਿਤਸਰ ਸ਼ਹੀਦੀ ਮੇਲਾ

ਨਾਮਧਾਰੀ ਸ਼ਹੀਦਾਂ ਬਾਰੇ ਸੁਣਿਆ। ਸਮਾਂ ਕਿਸੇ ਦਾ ਲਿਹਾਜ ਨਹੀ ਕਰਦਾ...। ਕੰਮ ਕਰਨ ਦੀ ਨੀਅਤ...। ਕਿਸੇ ਹੋਰ ਸਰਕਾਰ ਦੇ ਹਿਸੇ ਕੰਮ ਆਉਣਾ ਹੈ। ੭੧ ਦੇ ਹੋਲੇ ਤੇ ਬਾਦਲ ਨੇ ਅੰਮ੍ਰਿਤਸਰ ਦੀ ਜਗਾ ਦਿਤੀ ਪਰ ਉਹ ਕਵੈਸ਼ ਹੋ ਗਈ...। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਜਮੀਨਾਂ ਦਿੱਤੀਆਂ, ਖਾਸ ਕਰਕੇ ਗਰੀਬ ਬੰਦਿਆਂ ਨੂੰ; ਸੁਜਾਨ ਸਿੰਘ ਦਿੱਲੀ ਬੂਟਾਂ ਦੀ ਦੁਕਾਨ...। ਅਪਣੇ ਹੱਥ ਦਾ ਦਾਨ ਕਰਨਾ ਕਿਸੇ ਦੇ ਹੱਥ ਦੀ ਰਾਖੀ ਕਰਨੀ। ਮਲੇਰ ਕੋਟਲੇ ਦਾ ਨਕਸ਼ਾ ਪੰਜਾਬ ਸਰਕਾਰ ਦੇ ਕੋਲ ਹੀ ਰਹਿ ਗਿਆ; ਸਵਰਨ ਸਿੰਘ ਨੇ ਜਗਾ ਨਹੀ ਦਿੱਤੀ, ਜਗਜੀਵਨ ਰਾਮ ਨੇ ਜਗਾ ਦਿੱਤੀ...। ਬਾਦਲ ਦਾ ਧਿਆਨ ਕਿ ਪਿਛਲੀਆਂ ਗਲਤੀਆਂ ਤੋਂ ਬਚਾ ਰਹੇ। ੨੪-੨੯ ਅਕਤੂਬਰ ਨੂੰ ੪੦੦ ਸਾਲਾ ਗੁਰੂ ਰਾਮ ਦਾਸ ਦਾ ਦਿਨ ਜਿਸ ਵਿਚ ਸ਼ਾਮਲ ਹੋਣਾ ਹੈ। ਮਾਸ ਸ਼ਰਾਬ ਛਡੋ...।

੧ ਕਤਕ ੨੦੩੪ ਅਸੂ ਮੇਲਾ

ਰਿਅਸਤਾਂ ਵਾਲਿਆਂ ਨਾਮਧਾਰੀਆਂ ਨੂੰ ਆਖਿਆ ਕਿ ਦੂਸਰਾ ਅੰਮ੍ਰਿਤ ਛਕੋ...। ਨੀਲੀਆਂ ਦਰੀਆਂ ਸਨ ਪਰ ਇਕ ਵੀ ਨਾਮਧਾਰੀ ਨਹੀ ਬੈਠਾ...।

੨੮ ਅਸੂ ੨੦੩੪ ਸ੍ਰੀ ਭੈਣੀ ਸਾਹਿਬ

ਗੁਰੂ ਹਰੀ ਸਿੰਘ ਦੇ ਸਮੇਂ ਇਥੇ ਕਿੰਨੇ ਮਕਾਨ ਸਨ। ਕਿੰਨਿਆਂ ਨੂੰ ਦਰਸ਼ਨ ਹੁੰਦੇ ਸਨ; ਸਿਰਫ ੫ ਸਜਣ ਫੇਰ ੬ ਮਹੀਨੇ ਤੋਂ ਬਾਦ...। ਕਿਸ ਲਈ ਅਸੀ ਸ੍ਰੀ ਭੈਣੀ ਸਾਹਿਬ ਆਉਦੇ ਹਾਂ। ਜਨਮ ਮਰਣ ਦੇ ਗੇੜ ਵਿਚੋਂ ਨਿਕਲਣ ਲਈ...। **ਜਮਿ ਜਮਿ ਮਰੈ ਮਰੈ ਫਿਰਿ ਜੰਮੈ ॥ ਬਹੁਤੁ ਸਜਾਇ ਪਇਆ ਦੇਸਿ ਲੰਮੈ** ॥ ਸਾਡੇ ਅੰਦਰ ਦੇ ਪੱਕੇ ਮਕਾਨ ਢਹਿ ਗਏ ਇਸ ਲਈ ਬਾਹਰ ਪੱਕਾ ਬਨਾ ਰਹੇ ਹਾਂ। **ਨਾਨਕ ਬਧਾ ਘਰੁ ਤਹਾਂ ਜਿਥੈ ਮਿਰਤੁ ਨ ਜਨਮੁ**

ਜਰਾ ॥ ਇਕ ਰਾਜਾ ਸੰਤਾਂ ਦਾ ਸੇਵਕ; ਚਰਨ ਪਾਉ; ਤੇਰੇ ਘਰੋਂ ਬਦਬੋ ਆਉਂਦੀ ਹੈ; ਸੰਤ ਰਾਜੇ ਨੂੰ ਚਮਾਲੜੀ ਲੈ ਗਏ; ਰਾਜੇ ਨੂੰ ਮੁਸ਼ਕ ਆਵੇ; ਰਾਜਾ ਤੇਰਾ ਵੀ ਨਕ ਆਇਆ ਹੈ ਇਸ ਕਰਕੇ ਤੈਨੂੰ ਬੋ ਨਹੀ ਆਉਦੀ...। ਮਾਤਾ ਜੀਵਨ ਕੌਰ ਕਿਕਰ ਦੀ ਦਾਤਣ ਸ਼ਰਬਤ ਵਿਚ ਨਹੀ ਫੇਰਨ ਦਿੰਦੇ ਸੀ...। ਸਾਡਾ ਟੇਕ ਮਕਾਨਾਂ ਵਿਚ ਨਹੀ ਭਜਨ ਵਿਚ ਹੋਣਾ ਚਾਹੀਦਾ ਹੈ...। ਸਾਡਾ ਪਾੜਾ ੨-੪ ਦਿਨਾਂ ਵਿਚ ਪੂਰਾ ਹੁੰਦਾ ਹੈ ਕਿ ਨਹੀ...। **ਰਾਰਾ ਰੰਗਹੁ ਇਆ ਮਨੁ ਅਪਨਾ ॥ ਹਰਿ ਹਰਿ ਨਾਮੁ ਜਪਹੁ ਜਪੁ ਰਸਨਾ ॥ ਰੇ ਰੇ ਦਰਗਹ ਕਹੈ ਨ ਕੋਊ ॥ ਆਉ ਬੈਠੁ ਆਦਰੁ ਸੁਭ ਦੇਊ** ॥ ਕਰਮ ਸਿੰਘ ਦੇ ਜਥੇ ਵਿਚ ਮੰਗਲ ਸਿੰਘ ਦੀ ਤਕਲੀਫ...। ੧੦੦੦ ਸਾਲ ਜੀਣ ਵਾਲੇ ਕੱਖਾਂ ਦੀ ਕੁੱਲੀ ਵਿਚ; ੧੦੦ ਸਾਲ ਜੀਣ ਵਾਲੇ ...। ਸਾਡਾ ਸਭ ਕੁਝ ਸ੍ਰੀ ਭੈਣੀ ਸਾਹਿਬ ਹੈ। ਭਾਈ ਮਾਈ ਦੀਵਾਨ ਵਿਚ ਆਉ। ਖੁਸ਼ਬੂਦਾਰ ਤੇਲ ਨਾ ਲਉਣਾ; ਭੁੰਜੇ ਸੌ ਜਾਉ ਇਥੇ...। ਵਿਆਹ ਵਿਚ ਲੜਕੇ ਲੜਕੀਆਂ ਦੀ ਪੜਤਾਲ...। ਕੋਈ ਲੈਣ ਦੇਣ ਵਾਲੀ ਗਲ ਨਾ ਕਰੇ। ਜਿਨਾਂ ਨੇ ਅਰਜਾਂ ਕਰਨੀਆਂ ਹਨ ਅਸੂ ਦੇ ਮੇਲੇ ਤੋਂ ੩ ਦਿਨ ਪਹਿਲਾਂ ਕਰੋ॥

ਹਰ ਸਟੇਟ ਦਾ ਹਰ ਜਿਲੇ ਦਾ ਵਖਰਾ ਵਖਰਾ ਵਿਧਾਨ ਹੁੰਦਾ ਹੈ। ਤੁਸੀ ਅੜਿੱਕੇ ਪਾਉ ਤੇ ਮੈ ਅੜਿੱਕੇ ਦੂਰ ਕਰਾਂ। ਵਿਆਹ ਠੀਕ ਕਰੋ...। **ਜਾ ਕੋ ਠਾਕੁਰੁ ਊਚਾ ਹੋਈ ॥ ਸੋ ਜਨੁ ਪਰ ਘਰ ਜਾਤ ਨ ਸੋਹੀ** ॥ ਪੰਡਤ ਜੀ ਦੀ ਕਥਾ; ਇਕ ਜੜਾਵਾਂ ਵਾਲਾ ਸਾਧ; ਗੁਰਮੁੱਖ ਸਿੰਘ ਖਾਰੇ ਵਾਲਾ; ਸਾਧ ਉਪਰ ਤੱਖਤ ਤੇ ਬੈਠਾ। ਸੰਤਾਂ ਅਤਰ ਸਿੰਘ ਖੜਤਾਲਾਂ ਫੜੀਆਂ; ਮੀਂਹ ਪਿਆ ਤੇ ਸਾਧ ਰੁੜਦਾ ਸੰਗਤ ਵਿਚ...। ਜਿਹੜਾ ਗੁਰੂ ਅੰਗਦ ਨੂੰ ਨਹੀ ਮੰਨਦਾ ਉਹ ਗੁਰੂ ਨਾਨਕ ਨੂੰ ਵੀ ਨਹੀ ਮੰਨਦਾ...। ਧੀਰਮਲ ਤੋਂ ਸਿੱਖਾਂ ਨੇ ਬੀੜ ਲੁਟੀ; ਬਿਆਸ ਦਰਿਆ ਵਿਚ ਅਮਾਨਤ; ਧੀਰਮਲ ਜਦੋਂ ੯ਵੀਂ ਪਾਤਿਸ਼ਾਹੀ ਤਕ ਅਰਦਾਸ ਕੀਤੀ ਤਾਂ ਬੀੜ ਮਿਲੀ...। ਮਰਯਾਦਾ ਵਿਚ ਰਹੋ; ਨਲਕੇ ਦਾ ਪਾਣੀ ਨਾ ਪੀਉ। ਦੇਹਧਾਰੀ ਗੁਰੂ; ੧੦ ਪਾਤਿਸ਼ਾਹ ਵੀ ਦੇਹਧਾਰੀ ਸਨ...। ਉਹ ਲੋਕੀ ਗਰੰਥ ਸਾਹਿਬ ਨੂੰ ਗੁਰੂ ਨਹੀ ਮੰਨਦੇ...। ਤਾਕਤ ਬਨਾਉਣ ਵਾਲਾ ਗੁਰੂ ਹੈ। **ਜਹ ਸਤਿਗੁਰੁ ਤਹ ਸਤਸੰਗਤਿ ਬਣਾਈ ॥ ਜਹ ਸਤਿਗੁਰੁ ਸਹਜੇ ਹਰਿ ਗੁਣ ਗਾਈ** ॥ ੯ਵੀਂ ਪਾਤਿਸ਼ਾਹੀ ਨੂੰ ਕਿਦਾਂ ਗੁਰਆਈ ਮਿਲੀ; ਗੁਰੁ ਹਰਿ ਕ੍ਰਿਸ਼ਨ ਨੇ ਕਿਹਾ ਜਿਸਨੇ ਮੇਰਾ ਦਰਸ਼ਨ ਕਰਨਾ ਹੋਵੇ ਗਰੰਥ ਸਾਹਿਬ ਦੇ ਦਰਸ਼ਨ ਕਰ ਲੈਣ; ਜਿਸਨੇ ਮੇਰੇ ਨਾਲ ਗਲ ਕਰਨੀ ਹੋਵੇ ਉਹ ਪੜੇ...। ਸਿੱਖਾਂ ਨੇ ਮੰਜੂਰ ਨਹੀ ਕੀਤਾ ਫੇਰ ਗੁਰੂ ਜੀ ਨੇ **ਬਾਬਾ ਬਸੇ ਗ੍ਰਾਮ ਬਕਾਲੇ** ਕਿਹਾ...। ਗੁਰਮਤ ਅਨੁਸਾਰ ਨਿਰਜੀਵ ਦੀ ਪੂਜਾ ਨਹੀ...। ਸਤਿਗੁਰੂ ਰਾਮ ਸਿੰਘ ਜੀ ਨੂੰ ਸਿੱਖਾਂ ਨੇ ਕਿਹਾ ਕਿ ਬਾਣੀ ਉਚਾਰੋ; ਬੀੜ ਨੂੰ ਅੱਗ ਲਾ ਦਿਤੀ ਪਰ ਬੀੜ ਨੂੰ ਕੁਝ ਨਹੀ ਹੋਇਆ; ਗੁਰੂ ਜੀ ਕਿਹਾ ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ। ਤੀਜੀ ਪਾਤਿਸ਼ਾਹੀ ਨੇ ਅਨੰਦ; ਚੌਥੀ ਪਾਤਿਸ਼ਾਹੀ ਨੇ ਲਾਵਾਂ ਤੇ ਬਾਰਵੀਂ ਪਾਤਿਸ਼ਾਹੀ ਨੇ ੧੯੬੩ ਵਿਚ ਜੋੜਿਆ। **ਪੂਤਾ ਮਾਤਾ ਕੀ ਆਸੀਸ ॥ ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ ਸਦਾ ਭਜਹੁ ਜਗਦੀਸ** ॥ **ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ ਸੁ ਕੂੜੁ ਅਹੰਕਾਰੁ ਕਚੁ ਪਾਜੋ** ॥ ੧੫ ਮਿੰਟ ਡੀਪ ਮੈਡੀਟੇਸ਼ਨ ਨਾਲ ਫਾਇਦਾ। ਨਾਮ ਸਿਮਰਨ ਇਕ ਘੰਟਾ ਜਰੂਰ ਕਰੋ। ਸੰਤ ਮਿਰਜੇ ਵਾਲੇ; ਭੈਣ ਪ੍ਰੇਮੀ...। ਤੁੱਕਾਂ ਨੂੰ ਸਫਲ ਕੀਤਾ ਸਤਿਗੁਰੂ ਰਾਮ ਸਿੰਘ ਦੇ ਸਿੱਖਾਂ ਨੇ। **ਪ੍ਰਾਨੀ ਪਰਮ ਪੁਰਖ ਪਖ ਲਾਗੋ** ॥ **ਸੋਵਤ ਕਹਾ ਮੋਹ ਨਿੰਦ੍ਰਾ ਮੈ ਕਬਹੂੰ ਸੁਚਿਤ ਹ੍ਵੈ ਜਾਗੋ** ॥

੬੮ ੧:੦੩

ਮਾਮੇ ਦੀ ਦਸ ਪਾਈ; ਭੂਆ ਦਸ ਪਾਈ; ਉਨਾਂ ਨੂੰ ਛੱਡੋ...। ਗਲਤ ਰਿਸ਼ਤੇ ਨਾ ਕਰੋ। ਰਿਸ਼ਤਾ ਕਰਕੇ ਆਖਦੇ ਹਨ ਕਿਰਪਾ ਕਰੋ...। ਜਿੰਨਾ ਦੇ ਅਨੰਦ ਹੋਏ ਹਨ ਕੋਈ ਮਿਲਣੀ ਮੁਕਲਾਵਾ; ਕੋਈ ਲੈਣ ਦੇਣ ਨਾ ਕਰਨ।

੧੮-੧੧-੭੭ ਸ਼ਾਕਾਹਾਰੀ ਸੰਮੇਲਨ ਦਿੱਲੀ

ਸਾਡੇ ਭਾਰਤ ਵਾਲਿਆ ਦੀ ਪ੍ਰੰਪਰਾ; ਹਰੇਕ ੧੦ ਸਾਲ ਬਾਦ ਇਹ ਸੰਮੇਲਨ ਭਾਰਤ ਵਿਚ ਹੁੰਦਾ ਹੈ। ੧੯੫੭ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਫਨ ਬਨਾਇਆ; ਇਹ ੨੪ਵੀਂ ਸ਼ਾਕਾਹਾਰੀ ਸੰਮੇਲਨ ਹੈ। ਪ੍ਰਮੇਸ਼ਰ ਪੂਜਨ ਤਾਂ ਹੀ ਹੋ ਸਕਦਾ ਹੈ ਜੇ ਹਿੰਸਾ ਤੋਂ ਦੂਰ ਰਹੀਏ। ਇਹ ਨਿਸਚੇ ਦੇ ਧਾਰਨੀ ਹੋਈਏ ਕਿ ਮਾਸ ਸ਼ਰਾਬ ਦਾ ਸੇਵਨ ਨਾ ਹੋਵੇ। ਸਾਡੇ ਸਾਰੇ ਗੁਰੂ ਸ਼ਾਕਾਹਾਰੀ ਸਨ ਤੇ ਹੁਣ ਅਸੀ ਨਾਮਧਾਰੀ ਪੂਰੇ ਸ਼ਾਕਾਹਾਰੀ ਹਾਂ ਤੇ ਦੂਸਰਿਆ ਦਾ ਨਹੀ ਖਾਂਦੇ।

ਪੰਡਤ ਜੀ ਭੈਣੀ ਸਾਹਿਬ ਆਏ; ਗਿਆਨੀ ਜ਼ੈਲ ਸਿੰਘ ਸਾਡੇ ਨੇੜੇ ਹਨ। ਪਾਕਸਤਾਨ ਬਨਣ ਤੋਂ ਪਹਿਲਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਰਾਜੇ ਤੇ ਰਈਸਾਂ ਦੇ ਪਹੰਚ ਕਰਕੇ ਕਿਹਾ ਕਿ ਇਧਰ ਆਉ। ਗਾਂਧੀ ਨੇ ਕਿਹਾ ਕਯਾ ਹੂਆ ਅਗਰ ਕੁਝ ਲਖ ਆਦਮੀ ਮਰ ਜਾਣ। ਪ੍ਰਤਾਪ ਸਿੰਘ ਕੈਰੋਂ ਨੇ ਵੀ ਕਿਹਾ ਕੂਕਿਉ ਤੁਸੀਂ ਸੱਚੇ ਤੁਸੀਂ ਸੱਚੇ ਤੁਸੀਂ ਸੱਚੇ...। ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਬਚਨ ਅਗੇ ਚੱਕੀ ਚਲੀ ਹੈ ਹੁਣ ਖਰਾਸ ਚਲੇਗਾ...। ਅਸੀਂ ਕਾਂਗਰਸ ਦੇ ਨਾਲ ਹਾਂ, ਕਾਂਗਰਸ ਸਾਡੇ ਨਾਲ ਹੈ ਇਸ ਦਾ ਨਹੀ ਪਤਾ...। ਸਿਰਫ ਸਰਕਾਰ ਦਾ ਫਰਜ ਨਹੀ, ਸਾਡਾ ਵੀ ਫਰਜ ਹੈ ਕਿ ਕੰਮ ਕਰੀਏ।

ਕਥਾ

ਸਤਿਗੁਰੂ ਕਾ ਉਪਦੇਸੁ ਸੁਣਿ ਤੂ ਹੋਵੈ ਤੇਰੈ ਨਾਲੇ ॥ ਕਮਾਈ ਨੇ ਨਾਲ ਜਾਣਾ ਹੈ। ਬਖਸ਼ਿਸ਼ ਮੰਗੋ; ਅਰਦਾਸ ਕਰੋ ਕਿ ਸਿੱਖੀ ਦਾ ਦਾਨ ਮਿਲੇ। ਨੀਲ ਨਹੀ ਪਉਣਾ। ਰਾਜਿਆਂ ਨੇ ਨਾਮਧਾਰੀਆਂ ਨੂੰ ਸਦਿਆ ਅਕਾਲੀਆਂ ਦਾ ਅੰਮ੍ਰਿਤ ਛਕਾਉਣ ਵਾਸਤੇ; ਪਰ ਸਿੱਖਾਂ ਨੇ ਨੀਲੀਆਂ ਦਰੀਆਂ ਤੇ ਪੈਰ ਨਹੀ ਰਖਿਆ। ਨੀਲੇ ਪਹਨਣ ਨਾਲ ਮਤ ਮਾਰੀ ਜਾਂਦੀ ਹੈ। ਨੈਣਾ ਸਿੰਘ, ਭਾਈ ਫੂਲਾ ਸਿੰਘ; ਭਾਈ ਫੂਲਾ ਸਿੰਘ ਅਨੰਦਪੁਰ ਗਏ ਉਨਾਂ ਵਾਲੇ ਬੇਦੀ ਨੂੰ ਮਿਲੇ; ਚੌਥੇ ਪਉੜੇ ਵਾਲਿਆ ਦੀ ਬਾਹੀ ਵਖਰੀ ਸੀ। ਇਹ ਹਕੀਮ ਨੂੰ ਪਤਾ ਹੈ ਕਿ ਕਿਸ ਦਵਾ ਨਾਲ ਅਰਾਮ ਔਣਾ ਹੈ। ਮਜਬੀ ਸਿੱਖਾਂ ਨੇ ਅਰਜ ਕੀਤੀ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਕਿਹਾ ਕਿ ਅਜੇ ਟਾਇਮ ਨਹੀ ਆਇਆ...। ਗੁਰੂ ਸਾਹਿਬਾਨ ਨੇ ਪੰਚਾਇਤ ਕਾਇਮ ਕਰ ਦਿਤੀ ਸੀ...। ਮਰਯਾਦਾ ਦਾ ਪਾਲਣ ਕਰਨਾ ਚਾਹੀਦਾ ਹੈ। ਅਜਾਦੀ ਤਾਂ ਹੈ ਜੇ ਸੰਜਮ ਵਿਚ ਰਹੋ। **ਤੇਰੀ ਪਨਹ ਖੁਦਾਇ ਤੂ ਬਖਸੰਦਗੀ ॥ ਸੇਖ ਫਰੀਦੈ ਖੈਰੁ ਦੀਜੈ ਬੰਦਗੀ** ॥ ਭਾਈ ਹਰਮੀਤ ਸਿੰਘ ਦੀ ਕਥਾ। ਸਤਿਗੁਰੂ ਰਾਮ ਸਿੰਘ ਜੀ ਬਚਨ ਕੀਤਾ ਕੜਾਹ ਪ੍ਰਸ਼ਾਦ ਮਰਯਾਦਾ ਵਿਚ ਨਹੀ ਸੀ ਤੇ ਅਸੀ ਭੋਗ ਨਹੀ ਲਉਣਾ। **ਸੋ ਸੀਸੁ ਭਲਾ ਪਵਿਤ੍ਰ ਪਾਵਨੁ ਹੈ ਮੇਰੀ ਜਿੰਦੁੜੀਏ ਜੋ ਜਾਇ ਲਗੈ ਗੁਰ ਪੈਰੇ ਰਾਮ** ॥ ਸੱਪਾਂ ਦੀ ਕਥਾ...। ਸਤਿਗੁਰੂ ਪਾਪੀਆਂ ਨੂੰ ਤਾਰਦਾ ਹੈ। ਸਤਿਗੁਰੂ ਰਾਮ ਸਿੰਘ ਜੀ ਅਲਾਹਾਬਾਦ ਦੇ ਕਿਲੇ ਵਿਚ; ਨਾਮ ਵੀ ਤੋਹ ਹੈ; ਬਾਣੀ ਪੜਕੇ ਨਾਮ ਜਪਕੇ ਸਿਦਕ ਨਾ ਆਇਆ ਤਾਂ ਸਭ ਕੁਝ ਨਿਹਫਲ ਹੈ। ਤਾਰੂਗੀ ਪ੍ਰਤੀਤ...। ਇਥੋਂ ਸਿਦਕ ਲੈਕੇ ਜਾਣਾ ਹੈ। ਭਾਈ ਤਾਰੂ ਸਿੰਘ ਵਿਚ ਸਿਦਕ...। ਬਾਬਾ ਸੋਹਨ ਸਿੰਘ ਭਕਨਾ; ਸੰਤ ਕੇਸਰ ਸਿੰਘ ਮੁਹਾਵੇ ਵਾਲਿਆਂ ਮੈਨੂੰ ਗੰਦੇ ਚਿਕੜ ਵਿਚੋਂ ਕੱਢਿਆ; ੩੦੦੦ ਦਾ ਕਰਜਾ; ਲਾਲੇ ਨੂੰ ਨਾ ਕਹੀ; ਪਾਦਰੀ ਨੂੰ ਨਾ ਕਹੀ; ਸਰਕਾਰ ਨੂੰ ਨਾ ਕਹੀ; ਰੂਸ ਨੂੰ ਨਾ ਕਹੀ...। ਸਾਬਰ; ਰਬ ਦੇ ਦਰਸਨ...। ਸਕੰਦਰ ਤੇ ਅੰਮ੍ਰਿਤ ਦਾ ਪਿਆਲਾ। ਸਤਿਗੁਰੂ ਰਾਮ ਸਿੰਘ ਜੀ ਤੂੰ ਧੰਨ ਹੈ; ਦੋਨੋ ਲੋਕਾਂ ਵਿਚ ਸਹਾਇਤਾ ਕਰਨ ਵਾਲਾ ਸਿਰਫ ਸਤਿਗੁਰੂ ਹੈ। **ਸੋ ਕਿਉ ਬਿਸਰੈ ਜਿ ਘਾਲ ਨ ਭਾਨੈ ॥ ਸੋ ਕਿਉ ਬਿਸਰੈ ਜਿ ਕੀਆ ਜਾਨੈ** ॥ ਮਾਇਆ ਦਾ ਸਰੂਪ। ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥ ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ ॥ **ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ** ॥ ਉਸ ਅਗਨ ਤੋਂ ਬਚਾਉਣ ਵਾਲਾ ਸਤਿਗੁਰੂ ਹੈ। **ਦਿਨੁ ਰਾਤੀ ਆਰਾਧਹੁ ਪਿਆਰੋ ਨਿਮਖ ਨ ਕੀਜੈ ਢੀਲਾ** ॥

ਇਕ ਘੰਟੇ ਵਿਚ ਮਨ ਕਿਨੇ ਪਾਸੇ ਜਾਂਦਾ ਹੈ। ਸਰੀਰ ਕਰਕੇ ਹੀ ਆਉ, ਸਿਰਫ ੨੪ਵਾਂ ਹਿਸਾ ਹੈ। ਗਾਇਨ ਕਰਨਾ ਹੈ ਪ੍ਰੇਮ ਨਾਲ; ਮਰਯਾਦਾ ਵਿਚ ਚਲੀਏ। ਸਿਨੇਮਾ ਵੇਖਣਾ ਛਡੋ...। ਅਰਲੀ ਟੂ ਬੈਡ ਅਰਲੀ ਟੂ

ਰਾਇਜ਼। ਚਮਕ ਅਖਾਂ ਨੂੰ ਖਰਾਬ ਕਰਦੀ ਹੈ; ਤੁਹਾਡੇ ਮਨ ਤੇ ਬੁਰਾ ਅਸਰ ਹੁੰਦਾ ਹੈ; ਕੰਨਾ ਦੁਆਰਾ ਗਲਤ ਪਾਸੇ ਲੈ ਜਾਂਦਾ ਹੈ। **ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ ॥ ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥ ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ ॥**

੬੯ ੧:੦੨

ਸੰਤ ਮਿਰਜੇ ਵਾਲੇ; ਜਿਦਣ ਸਤਿਗੁਰੂ ਰਾਮ ਸਿੰਘ ਜੀ ਨੇ ਭਜਨ ਦਿੱਤਾ ਤੇ ਕਿਹਾ ਕਿ ਸਵਾਸ ਸਵਾਸ ਭਜਨ ਕਰਨਾ; ਭੈਣ ਪ੍ਰੇਮੀ...; ਸਾਰੀ ਉਮਰ ਨਹੀ ਸੁਤੇ। **ਪ੍ਰਾਨੀ ਪਰਮ ਪੁਰਖ ਪਖ ਲਾਗੋ ॥ ਸੋਵਤ ਕਹਾ ਮੋਹ ਨਿੰਦ੍ਰਾ ਮੈ ਕਬਹੂੰ ਸੁਚਿਤ ਹ੍ਵੈ ਜਾਗੋ ॥** ਜਦੋ ਮੇਰਾ ਸਰੀਰ ਚਲਣਾ ਤਾਂ ਹਥ ਚਲਦਾ ਰਹੇਗਾ ਤੇ ਰਸਨਾ ਚਲਦੀ ਰਹੇਗੀ...। ਜੇ ਗੁਰੂ ਗੋਬਿੰਦ ਸਿੰਘ ਜੀ ਨੇ ਆਖਿਆ ਕਿ ਸਤਿਗੁਰੂ ਰਾਮ ਸਿੰਘ ਮੇਰਾ ਰੂਪ ਹੈ; ਜਿਨਾ ਨੇ ਨਹੀ ਮੰਨਿਆ...।

ਦਸੰਬਰ ੧੯੭੦ ਬੰਬਈ ਅਫਰੀਕਾ ਜਾਣ ਸਮੇਂ

ਜੈਸੇ ਹਮ ਇਕੱਠੇ ਹੋ ਰਹੇਂ ਹਾਂ ਕਿਸੀ ਕਾਰਨ ਕੇ ਲੀਏ। ਕਿਸੀ ਮਕਾਨ ਕੇ ਬੰਨਣੇ ਕੇ ਲੀਏ ਕਿਤਨੀ ਵਿਵਸਥਾ ਕਰਨੀ ਪੜਤੀ ਹੈ; ਪਰ ਬਖੇਰਨੇ ਕੇ ਲੀਏ ਕਿਤਨਾ ਸਮਾਂ ਲਗਤਾਂ ਹੈ। ਪਰ ਜਿਸ ਕੋ ਬਖੇਰਨੇ ਕੇ ਲੀਏ ੧੦੦ ਬਰਸ ਕੇ ਊਪਰ ਹੋ ਗਿਆ ਉਸ ਕਾ ਕਿਆ ਹੋਗਾ। ਈਸਟ ਇੰਡੀਆ ਕੰਪਨੀ ਆਈ ਔਰ ਧਰਮ ਚਲਾਇਆ। ਜਬ ਕਿਸੀ ਸਰਕਾਰ ਮੇਂ ਖਾਮੀਆਂ ਆਤੀ ਹੈ ਤੋ ਉਨ ਕੋ ਠੀਕ ਕਰਨੇ ਵਾਲੇ ਧਰਮ ਕੇ ਬੰਦੇ ਹੋਤੇ ਹੈਂ। ਲੰਡਨ ਮੇਂ ੮੦ ਸਾਲਾ ਡੈਂਟਿਸਟ ਸੇ ਮਿਲਾ...। ਸੰਤ ਕਰਮ ਸਿੰਘ; ਲੜਕਾ ਹੋ ਜਾਏਗਾ ਅਖੰਡ ਪਾਠ ਕਰਵਾ ਦੇਣਾ...। ਪਾਣੀ ਅਲੱਗ ਥਾ ਤੋ ਹਿੰਦੂ ਮੁਸਲਿਮ ਇਕੱਠੇ ਥੇ...। ਹਰਮੰਦਰ ਸਾਹਿਬ ਕੀ ਨੀਵ ਏਕ ਮੁਸਲਮਾਨ ਨੇ ਰੱਖੀ...। ਮੀਆਂ ਮੀਰ ਕੁਰਾਨ ਕੋ ਬੰਦ ਕਰਕੇ ਗੁਰੂ ਹਰਗੋਬਿੰਦ ਕਾ ਦਰਸ਼ਨ ਕਰਨੇ ਚਲੇ ਗਏ...। ਹਮਾਰਾ ਪਹਿਰਾਵਾ ਭਾਰਤੀ ਹੋਣਾ ਚਾਹੀਏ। ਸ਼ਾਸਤਰੀ ਜੀ ਬੋਲਤੇ ਕਮ ਥੇ ਕਾਮ ਜਿਆਦਾ ਕਰਤੇ ਥੇ। ਬਾਜਾਰ ਮੇ ਤਸਵੀਰ ਦੇਖਤੇ ਹੈਂ ਜੋ ਹਮਾਰੇ ਸਾਥ ਸਪਰਸ਼ ਨਹੀ ਕਰਤੀ ਪਰ ਉਸ ਕਾ ਅਸਰ ਹੋਤਾ ਹੈ। ਸਿਨੇਮਾ ਕੇ ਗਾਣੇ ਸੁਨਤੇ ਹੈ ਉਸ ਕਾ ਭੀ ਅਸਰ ਹਮਾਰੇ ਊਪਰ ਹੋਤਾ ਹੈ...। **ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ ॥** ਜਬ ਹਮ ਕਿਸੀ ਜਾਨਵਰ ਕੋ ਮਾਰ ਕਰ ਖਾਤੇ ਹੈ ਤੋ ਉਸ ਕਾ ਭੀ ਹਮਾਰੇ ਊਪਰ ਅਸਰ ਹੋਤਾ ਹੈ। ੧੯ਵੀਂ ਵੇਜੀਟੇਰੀਅਨ ਕਾਨਫਰੰਸ ਦਿੱਲੀ ਮੇ। ਜਾਪਾਨੀ ਵੇਜੀਟੇਰੀਅਨ ਬਨ ਰਹੇ ਹੈਂ। ਅਪਨੀ ਭਾਰਤੀ ਸੰਸਕ੍ਰਿਤੀ ਖਤਮ ਹੋ ਰਹੀ ਹੈ...। ਭਾਰਤੀ ਲੋਗ ਖੇਤੀ ਕੇ ਲੀਏ ਐਸੀ ਦਵਾਈ ਤਿਆਰ ਕਰੋ ਕਿ ਕੀੜੇ ਲਗੇ ਹੀ ਨਾ...। ਗੋਬਰ ਕੀ ਖਾਦ, ਗਊ ਮੂਤਰ ਵਰਤ ਸਕਤੇ ਹੈ। ਅੰਨ ਕੋ ਝੂਠਾ ਮਤ ਛੋੜੋ। ਹਮ ਭਾਰਤ ਕੇ ਰਹਿਨੇ ਵਾਲੇ ਹੈ ਹਮੇਂ ਗੋਰਵ ਹੋਣਾ ਚਾਹੀਏ ਕਿ ਹਮ ਭਾਰਤੀ ਹੈ। ਜਾਪਾਨ ਮੇਂ ਹਾਥ ਨਹੀ ਮਿਲਾਤੇ; ਬਾਹਰ ਕੀ ਜੁਤੀ ਅੰਦਰ ਨਹੀ ਜਾਤੀ...।

੭੦ ੦:੪੦

ਕਲਾ ਦਾ ਪ੍ਰਦ੍ਰਸ਼ਨ ਕੀਤਾ ਹੈ। ਸਤਿਗੁਰੂ ਦੀ ਬਾਣੀ ਰਾਗਾਂ ਵਿਚ...। ਸਾਡਾ ਵੱਡਾ ਸਾਥ ਦਿਤਾ ਹੈ; ਪਾਠਾਂ ਵਿਚ ਬਹੁਤ ਮਦਦ ਕੀਤੀ ਹੈ।

ਡੇਗਨ ਵਾਸਤੇ ਬਹੁਤ ਕੋਸ਼ਿਸ਼, ਬੰਕੌਕ ਵਿਚ ਕੋਈ ਸਿਨੇਮਾ ਨਹੀ ਸੀ ਦੇਖਦਾ, ਮਾਇਆ ਲਿਸ਼ਕ ਮਾਰਦੀ ਹੈ। ਘੜਾ ਵੱਟੇ ਨੂੰ ਨਹੀ ਮਾਰ ਸਕਦਾ। ਦਿੱਲੀ ਵਿਚ ਇਕ ਸ਼ਾਦੀ ਹੋਈ... ਮੈਨੂੰ ਦਸਨ ਆਏ..। ਦਰਸ਼ਨ ਸਿੰਘ ਮੱਥਾ ਟੇਕਣ ਆਇਆ...। ਰਿਸ਼ਤਾ ਗਲਤ ਕੀਤਾ...। ਬੰਕੌਕ ਵਿਚ ਇਕ ਵਿਆਹ ਹੋਇਆ...। **ਜਮਿ ਜਮਿ ਮਰੈ ਮਰੈ ਫਿਰਿ ਜੰਮੈ ॥ ਬਹੁਤੁ ਸਜਾਇ ਪਇਆ ਦੇਸਿ ਲੰਮੈ ॥**

ਸਤਿਗੁਰੂ ਨੇ ਬਾਣੀ ਦੁਆਰਾ ਉਪਦੇਸ਼ ਦਿਤਾ ਅਪਣੇ ਤੇ ਘਟਾ ਕੇ...। ਧਰਮ ਤੇ ਸਿਆਸਤ ਵਖਰੀ ਨਹੀ; ਦੋਵੇਂ ਗਊ ਗਰੀਬ ਵਾਸਤੇ ਹਨ। ਧਰਮ ਮੰਨਣ ਵਾਲਿਆਂ ਨੇ ਸ਼ਹੀਦੀਆਂ ਦੇ ਕੇ ਦੇਸ਼ ਅਜਾਦ ਕੀਤਾ...। ਕਮੇਟੀਆਂ ਕੋਲੋਂ ਕੋਈ ਕੰਮ ਨਹੀ ਹੁੰਦਾ; ਸੰਤਾਂ ਦੇ ਆਖਿਆ ਦਰਿਆ ਦੇ ਰਸਤੇ ਬਦਲ ਦਿਤੇ। ਸਿਆਸਤ ਵਾਲੇ ਉਹ ਕੰਮ ਨਹੀ ਕਰ ਸਕਦੇ ਜਿੰਨਾ ਇਕ ਸਾਧੂ ਦਾ ਬਚਨ ਕਰਦਾ ਹੈ। ਸਾਡੇ ਮਨ ਗਲਤ ਪਾਸੇ ਨੂੰ ਲਗਦੇ ਹਨ। ਇਕ ਗੈਰ ਨਾਮਧਾਰੀ ਲਭਾਣਾ ਸਿੰਘ ਚੜਾਈ ਕੀਤੀ ਤੇ ਵਾਪਸ ਆਇਆ; ਸਾਰੇ ਸੁੱਖ ਨਾਮਧਾਰੀਆਂ ਨੂੰ ਦਰਗਹ ਵਿਚ ਮਿਲੇ ਹਨ; ਨਾਮਧਾਰੀ ਬਣ ਜਾਉ। ਪਹਿਰਾਵੇ ਠੀਕ ਰਖੋ; ਰੇਬ ਪਜਾਮੇ ਵਾਲੀਆਂ ਬੀਬੀਆਂ ਨੂੰ ਦੀਵਾਨ ਵਿਚ ਨਾ ਅਉਣ ਦੇਵੋ। **ਮੁਸਨਹਾਰ ਪੰਚ ਬਟਵਾਰੇ ॥ ਸੂਨੇ ਨਗਰਿ ਪਰੇ ਠਗਹਾਰੇ** ॥ ਕੋਠੇ ਚੜਨਾ ਹੋਵੇ ਤਾਂ ਪਉੜੀ ਚੜਣਾ ਪਵੇਗਾ...। **ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ ॥ ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ** ॥ ਸਾਡੇ ਬਜੁਰਗਾਂ ਨੇ ਸਰੀਰ ਦਾ ਵੀ ਤਿਆਗ ਕਰ ਦਿਤਾ। **ਮਾਇਆ ਕਾਰਨਿ ਧਾਵਹੀ ਮੂਰਖ ਲੋਗ ਅਜਾਨ ॥ ਕਹੁ ਨਾਨਕ ਬਿਨੁ ਹਰਿ ਭਜਨ ਬਿਰਥਾ ਜਨਮੁ ਸਿਰਾਨ** ॥ ੧ ਘੰਟਾ ਨਿਤਨੇਮ ਜਰੂਰ ਕਰੋ। **ਰਾਰਾ ਰੰਗਹੁ ਇਆ ਮਨੁ ਅਪਨਾ ॥ ਹਰਿ ਹਰਿ ਨਾਮੁ ਜਪਹੁ ਜਪੁ ਰਸਨਾ ॥ ਰੇ ਰੇ ਦਰਗਹ ਕਹੈ ਨ ਕੋਊ ॥ ਆਉ ਬੈਠੁ ਆਦਰੁ ਸुਭ ਦੇਊ ॥ ਉਆ ਮਹਲੀ ਪਾਵਹਿ ਤੂ ਬਾਸਾ ॥ ਜਨਮ ਮਰਨ ਨਹ ਹੋਇ ਬਿਨਾਸਾ ॥**

੧ ਕਤਕ ੨੦੩੪ ਅਸੂ ਦੇ ਭੋਗ

ਮਿਲਖਾ ਸਿੰਘ ਨੇ ਥੋੜੇ ਜਿਹੇ ਸ਼ਬਦਾਂ ਵਿਚ ਸੁਣਿਆ; ਕੋਈ ਇਰਾਦਾ ਕਰ ਲਵੇ ਤਾਂ ਪ੍ਰਾਪਤੀ ਕਰ ਲੈਂਦਾ ਹੈ; ਸੰਤ ਰਿਖੀ ਸਿੰਘ...; ਸੰਤ ਮੁਹਾਵੇ ਵਾਲੇ...। ਸ਼ਿਮਲੇ ਕੋਲ ਫਰੀਦਕੋਟ ਦਾ ਰਾਜਾ...। ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਹਾਕੀ ਦਾ ਸ਼ੋਕ, ਗਊਆਂ ਦਾ ਸ਼ੋਕ; ੭੫ ਪੌਂਡ ਦਾ ਦੁੱਧ; ਰਾਗ ਦਾ ਸ਼ੌਕ; ਸਾਰੇ ਸਿੱਖਾਂ ਦੇ ਬੱਚਿਆਂ ਵਿਚੋਂ ਰਾਗ ਦੀ ਖੁਸ਼ਬੋ ਆਉਣੀ ਚਾਹੀਦੀ ਹੈ; ਪਾਠੀਆਂ ਨੂੰ ਰਾਗਾਂ ਦੀਆਂ ਸੁਰਾਂ ਦਾ ਪਤਾ ਹੋਣਾ ਚਾਹੀਦਾ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਾਨੂੰ ਹਲਵਾਈ ਦਾ ਕੰਮ ਸਿਖਾਇਆ । ਹਾਕੀ ਦੇ ਬੱਚੇ ਮਰਯਾਦਾ ਵਿਚ ਰਹਿਣ...। ਸ਼ਹੀਦਾਂ ਦੇ ਇਰਾਦੇ; ਕਿਸੇ ਮਾਈ ਦਾ ਪੇਟ ਗੰਦਾ ਕਰਕੇ ਫੇਰ ਆਏ...।

ਇਹ ਉਪਦੇਸ ਸਾਧ ਸੰਗਤ ਵਲੋਂ ਪ੍ਰਾਪਤ ਹੋਏ ਹਨ। ਜਿਹਨਾਂ ਸਜਣਾਂ ਨੇ ਇਹ ਬਚਨ ਰੀਕਾਰਡ ਕੀਤੇ, ਸਾਂਭ ਕੇ ਰੱਖੇ ਅਤੇ ਵੰਡੇ, ਦਾਸ ਉਨਾਂ ਸਾਰਿਆਂ ਦੇ ਚਰਣਾਂ ਵਿਚ ਨਤ ਮਸਤਕ ਹੈ।

੭੦ ਸੀਡੀ ਦਾ ਵਕਤ ੭੩:੧੧

ਸਾਧ ਸੰਗਤ ਜੀ
ਇਸ ਸੇਵਾ ਵਿਚ ਬਹੁਤ ਗਲਤੀਆਂ ਹੋ ਗਈਆਂ ਹਨ,
ਕਿਰਪਾ ਕਰਕੇ ਬਖਸ਼ ਦੇਣਾ ਜੀ ।

ਆਪ ਜੀ ਦੇ ਸੁਝਾਵਾਂ ਦਾ ਪੂਰਾ ਸਤਿਕਾਰ ਕਰਾਂਗੇ ।

ਇਸ ਕਾਰਜ ਵਿਚ ਸੰਤ ਅਜੀਤ ਸਿੰਘ ਸੱਗੂ ਜੀ ਦੇ ਯੋਗਦਾਨ ਦਾ ਦਾਸ ਅਭਾਰੀ ਹੈ।

ਸੇਵਾ
ਕਿਰਪਾਲ ਸਿੰਘ ਚਾਨਾ
ਦਸੰਬਰ ੨੦੧੧

Compiled, printed and published by
Kirpal Singh Chana
Email: kirpalchana@gmail.com
www.namdhari-music.co.uk